# ਅੰਮ੍ਰਿਤ ਕੀਰਤਨ

ਨਵੰਬਰ 2013

ਸੋਰਠਿ ਮਹਲਾ ੧ ਘਰੁ ੧ ॥

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥

ਬਾਬਾ ਮਾਇਆ ਸਾਥਿ ਨ ਹੋਇ ॥

ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥

ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥

ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥

ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥


ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥

ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥



**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਥ

ਥਰ ਥਰ ਕੰਬਸੀ ਜਾਨ ਉਦੋਂ
ਜਦ ਰੱਬ ਦੇ ਦਰ ਤੇ ਜਾਵੇਂ ਹੂ।

ਕੱਢ ਹਿਸਾਸ ਪੁੱਛੇ ਜਦ ਲੇਖਾ,
ਆਪਣਾ ਕੀਤਾ ਪਾਵੇਂ ਹੂ।

ਕਰ ਬੰਦਗੀ ਤੇ ਵਿਹਾਰ ਵੀ ਸੁੱਚਾ
ਭਲਾ ਜੇ ਆਪਣਾ ਚਾਹਵੇਂ ਹੂ।

ਸੰਤੋਖ, ਚੇਤਨ, ਰਹਿਕੇ ਸਮਾਂ ਗੁਜ਼ਾਰੇਂ,
ਤਦ ਲੇਖਾ ਹੋਸੀ ਸਾਂਵੇਂ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਗਾਵੀਐ ਸੁਣੀਐ ਮਨ ਰਖੀਐ ਭਾਉ 5

ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਸੰਗੀਤ ਵਿਗਿਆਨ
ਡਾ. ਅਮਿਤਾ ਪਾਂਡੇ 6

ਪ੍ਰਿੰਸੀਪਲ ਸ਼ਮਸੇਰ ਸਿੰਘ ਕਰੀਰ ਦਾ ਸੰਗੀਤ ਕਲਾ ਨੂੰ ਯੋਗਦਾਨ

ਰਮਨਦੀਪ ਕੌਰ 11

ਹਿੰਦੀ ਫ਼ਿਲਮ ਸਨਅਤ ਦੇ ਗ਼ਜ਼ਲ ਸਮਰਾਟ 'ਮਦਨ ਮੋਹਨ ਕੋਹਲੀ'
ਅਮਰਿੰਦਰ ਸਿੰਘ 14

ਸਿਰਮੌਰ ਕੀਰਤਨੀਏ - ਭਾਈ ਸੰਤੋਖ ਸਿੰਘ ਜੀ
ਕਰਮ ਸਿੰਘ ਰਤਨ 18

ਭਾਈ ਸੰਤਾ ਸਿੰਘ ਜੀ ਰਾਗੀ
ਅਵਤਾਰ ਸਿੰਘ ਹੰਸ 23

ਸੁਰ ਲਿਪੀ - ਭੈਰਵ ਥਾਟ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

We are grateful for continuous service of Gurbani Kirtan you are providing through electronic media. Conversion of electronic media was a great and effective gift. This way not only I can read about the gift of kirtan but actually satisfy my hunger to experience the kirtan. Audio quality is very good of whatever I did experience from your website. May Vaheguru bless you with greater zeal and long life to continue providing this service. I am attaching Sikh Review special issue.

Bhai Harbans Lal, Emeritus Professor and Chairman, Deptt. of Pharmacology & Neuroscience, U. North Texas Health Science Center 817-642-8832 Mob. 817-846-8630, harbansl@gmail.com 6415 Amicable Drive, Arlington, TX 76016

ਅਕਤੂਬਰ ਅੰਕ ਪ੍ਰਾਪਤ ਹੋਇਆ। ਕਰਉ ਬੇਨੰਤੀਆ ਵਿਚ ਡਾ. ਜਾਗੀਰ ਸਿੰਘ ਦਾ ਸੰਪਾਦਕੀ ਸਿੱਖਿਆਦਾਇਕ ਹੈ। ਡਾ. ਗੁਰਨਾਮ ਸਿੰਘ ਅਤੇ ਡਾ. ਜਾਗੀਰ ਸਿੰਘ ਦੇ ਗੁਰਮਤਿ ਸੰਗੀਤ ਬਾਰੇ ਲਿਖੇ ਲੇਖ ਵਿਧੁਤਾਭਰਪੂਰ ਹਨ। ਵਿਕਰਮਜੀਤ ਸਿੰਘ, ਅਮਰਿੰਦਰ ਸਿੰਘ ਦੇ ਲੇਖ ਨਿਵੇਕਲੇ ਹਨ। ਅਸੀਂ ਮਲੋਟ ਦੇ ਸਾਰੇ ਅੰਮ੍ਰਿਤ ਕੀਰਤਨ ਪ੍ਰੇਮੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ।

ਪ੍ਰੋ: ਐੱਮ. ਐੱਸ. ਸਚਦੇਵਾ, ਸੰਤ ਮੁਕੰਦ ਸਿੰਘ, ਮੰਗਤ ਸਿੰਘ ਮਸਤਾਨਾ, ਮੋ: 08699594490

ਆਪ ਦਾ ਮੈਗਜ਼ੀਨ ਸੰਗੀਤ ਦੇ ਨਾਲ ਨਾਲ ਧਾਰਮਿਕ ਵੀ ਹੈ। ਜੇ ਅੰਮ੍ਰਿਤ ਕੀਰਤਨ ਵਿਚ ਗੁਰਬਾਣੀ ਸਿਧਾਂਤ, ਫਿਲਾਸਫੀ ਅਤੇ ਆਤਮਾ ਦੀ ਖੋਜ ਬਾਰੇ ਵੀ ਲੇਖ ਛਾਪੇ ਜਾਣ ਤਾਂ ਕੀਰਤਨ ਵਿਚ ਵਧੇਰੇ ਲਗਨ ਖਿੱਚ ਪੈਦਾ ਹੋ ਸਕਦੀ ਹੈ। ਕੀਰਤਨ ਵੀ ਪ੍ਰਭੂ ਉਸਤਤ ਹੀ ਹੈ। ਜਿਵੇ ਕਲਜੁਗਿ ਮੈ ਕੀਰਤਨ ਪ੍ਰਧਾਨਾ। ਉਸੇ ਤਰ੍ਹਾਂ ਸਭ ਤੇ ਉੱਤਮ ਹਰਿ ਕੀ ਕਥਾ ਅਤੇ ਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ। ਜੀਵਨ ਅਤੇ ਆਚਰਨ ਕਿਵੇਂ ਬਣੇ ਅਤੇ ਸੇਵਾ ਸਿਮਰਨ ਨਾਲ ਪ੍ਰਭੂ ਮਿਲਾਪ ਕਿਵੇਂ ਹੋਵੇ, ਕਿਰਪਾ ਕਰਕੇ ਇਸ ਬਾਰੇ ਵੀ ਲੇਖ ਛਾਪਣ ਦੀ ਕਿਰਪਾ ਕਰਨੀ। ਆਤਮਾ ਦੀ ਸੋਚ ਅਤੇ ਮਨ ਦੀ ਸ਼ਾਂਤੀ ਜਗਤ ਜਲੰਦਾ ਰਾਖਿ ਲੈ, ਨਾਨਕ ਨਾਮ ਚੜ੍ਹਦੀ ਕਲਾ, ਭਾਵ ਸੰਸਾਰ ਵਿਚ ਸ਼ਾਂਤੀ ਤੇ ਚੜ੍ਹਦੀ ਕਲਾ ਕਿਵੇਂ ਹੋ ਸਕਦੀ ਹੈ? ਕੀ ਕੀਰਤਨ ਕਰਨਾ, ਸੁਣਨਾ ਸ਼ਖਸੀ ਜੀਵਨ ਹੀ ਨਹੀਂ ਸਮੁੱਚਾ ਪੰਥਕ ਜੀਵਨ ਮਨੁੱਖਾ ਤਕ ਸਦਾਚਾਰ ਰਾਹੀਂ ਸੇਵਾ ਕਿਵੇਂ ਹੋ ਸਕਦੀ ਹੈ। ਇਹਨਾਂ ਬੇਨਤੀਆਂ ਵੱਲ ਧਿਆਨ ਦੇਣਾ।

ਪ੍ਰਭਦਿਆਲ ਸਿੰਘ, ਲੁਧਿਆਣਾ, ਮੋ: 9803353755

## POSITIVE THINKING

- We always feel that God never comes on time when we call him. But truth is he is always on time but we are always in hurry.
- Stop worrying about what you have to loose and start focusing on what you have to gain.
- Soft nature of a person does not mean weakness. Remember nothing is softer than water but its force can break the strongest of the rock.
- A Leader is one who knows the way, goes the way and shows the way.
- Treat everyone with politeness even those who are rude to you. Not because they are not nice but because you are nice.

***With best Compliments from a Well Wisher***

# ਗਾਵੀਐ ਸੁਣੀਐ ਮਨ ਰਖੀਐ ਭਾਉ

ਇਸ ਮਹੀਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਹੈ। ਹਰ ਸਾਲ ਜਦੋਂ ਵੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਆਉਂਦਾ ਹੈ ਤਾਂ ਮੈਂ ਆਪਣੇ ਜੀਵਨ ਦਾ ਲੇਖਾ ਜੋਖਾ ਗੁਰੂ ਨਾਨਕ ਬਾਣੀ ਦੇ ਆਧਾਰ ’ਤੇ ਕਰਨ ਲੱਗ ਪੈਂਦਾ ਹਾਂ। ਅਸਲ ਵਿਚ ਗੁਰੂ ਨਾਨਕ ਦੇਵ ਜੀ ਮੈਨੂੰ ਆਪਣੇ ਆਦਰਸ਼ਕ ਗੁਰੂ ਜਾਪਦੇ ਹਨ। ਉਂਝ ਤਾਂ ਸਾਰੇ ਗੁਰੂ ਹੀ ਪੂਜਣ ਸਤਿਕਾਰਨ ਯੋਗ ਹਨ ਪਰ ਗੁਰੂ ਨਾਨਕ ਮੈਨੂੰ ਵਧੇਰੇ ਆਪਣੇ ਆਪਣੇ ਲਗਦੇ ਹਨ।

ਮਨੁੱਖ ਨੂੰ ਨਿਵੇਕਲੇ ਰਾਹਾਂ ’ਤੇ ਤੁਰਨ ਲਈ ਜੋ ਚੁਣੌਤੀਆਂ ਦਰਪੇਸ਼ ਹੁੰਦੀਆਂ ਹਨ ਉਹਨਾਂ ਦਾ ਵਰਣਨ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਜਨਮ ਸਾਖੀਆਂ ਤੋਂ ਭਲੀ ਭਾਂਤ ਲਗਦਾ ਹੈ। ਉਹਨਾਂ ਨੇ ਸਥਾਪਿਤ ਜੀਵਨ ਢੰਗ ਦੇ ਕਈ ਪੱਖਾਂ ਦੀ ਇਸ ਜੀਉਣ ਢੰਗ ਦੀ ਵਿਅਰਥਤਾ ਨੂੰ ਬੜੇ ਸਪਸ਼ਟ ਢੰਗ ਨਾਲ ਦਰਸਾਇਆ।

ਭਗਤੀ ਕਰਨ ਦੇ ਮਾਰਗਾਂ ਵਿਚ ਵੀ ਉਹਨਾਂ ਦੇ ਕੀਰਤਨ ਨੂੰ ਪਹਿਲ ਦਿੱਤੀ। ਪਰ ਇਹ ਕੀਰਤਨ ਢੰਗ ਵੀ ਸਥਾਪਤ ਪੱਧਤੀ ਤੋਂ ਵੱਖਰਾ ਸੀ। ਇਹ ਪੱਧਤੀ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਅਨੋਖਾ ਸੰਗਮ ਹੈ। ਇਸ ਵਿਚ ਪ੍ਰੇਮ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪ੍ਰੇਮ ਤੋਂ ਬਿਨਾਂ ਉਹ ਕੀਰਤਨ ਨੂੰ ਵਿਅਰਥ ਦੱਸਦੇ ਹਨ।

ਮਿਹਰਨਬਾਨ ਵਾਲੀ ਜਨਮ ਸਾਖੀ ਵਿਚ ਇਹ ਗੱਲ ਬੜੇ ਭਾਵਪੂਰਤ ਢੰਗ ਨਾਲ ਸਮਝਾਈ ਗਈ ਹੈ:

ਤਬ ਏਕ ਦਿਨ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ। ਅਰੁ ਏਕੁ ਤੀਨ ਚਾਰਿ ਬੈਸਨਉ ਗਿਆਨੀ ਆਪਸ ਕਉ ਚਤਰੁ ਬੇਤੇ ਜਾਨਿ ਕਰਿ, ਗੁਰੂ ਬਾਬੇ ਕਉ ਆਇ ਮਿਲੇ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਨਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਰੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਬਾਹ ਏਹੁ ਤਉ ਬਹੁਤ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ–

ਗਾਵਹਿ ਗੀਤੇ ਚੀਤਿ ਅਨੀਤੇ॥ ਰਾਗ ਸੁਣਾਇ ਕਹਾਵਹਿ ਬੀਤੇ॥
ਬਿਨ ਨਾਵੈ ਮਨਿ ਝੂਠੁ ਅਨੀਤੇ॥ ਕਹਾ ਚਲਹੁ ਮਨ ਰਹਹੁ ਘਰੇ॥
ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ॥
...........
ਗੁਰ ਪਰਸਾਦੀ ਕਰਮ ਕਮਾਉ॥ ਨਾਮੇ ਰਾਤਾ ਹਰਿ ਗੁਰ ਗਾਉ॥ (ਆਸਾ ਮਹਲਾ ੧ ਪੰਨਾ ੪੧੪-੧੫)

ਇਹ ਹੁਣ ਅਸਾਂ ਕੀਰਤਨੀਆਂ ਨੇ ਦੇਖਣਾ ਹੈ ਕਿ ਕੀਰਤਨ ਸਮੇਂ ਸਾਡੇ ਮਨ ਕੀ ਬਾਤ ਕਿਉ ਕਰਿ ਹੈ। ਕੀਰਤਨ ਸਮੇਂ ਅਸੀਂ ਇਹਨਾਂ ਤੁਕਾਂ ਦਾ ਧਿਆਨ ਕਰਦੇ ਹਾਂ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁਤ ਭਾਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
..................
ਭਲੋ ਭਲੋ ਰੇ ਕੀਰਤਨੀਅਆ॥ ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥

ਤੁਹਾਡਾ ਕੀ ਵਿਚਾਰ ਹੈ।

(ਨਵੰਬਰ 2008 ਦਾ ਸੰਪਾਦਕੀ)

# ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਸੰਗੀਤ ਵਿਗਿਆਨ

ਡਾ. ਅਮਿਤਾ ਪਾਂਡੇ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਅਤੇ ਸਿੱਖ ਧਰਮ ਦੇ ਤੀਸਰੇ ਗੁਰੂ ਅਮਰ ਦਾਸ ਜੀ ਦਾ ਜਨਮ 5 ਮਈ 1479 ਈ: ਨੂੰ ਬਾਸਰਕੇ ਵਿਖੇ ਪਿਤਾ ਤੇਜਤਾਨ ਦੇ ਘਰ ਹੋਇਆ। ਗੁਰੂ ਅਮਰਦਾਸ ਜੀ ਅਰੰਭਕ ਜੀਵਨ ਤੋਂ ਹੀ ਧਾਰਮਿਕ ਵਿਚਾਰਾਂ ਹੋਣ ਵਾਲੇ ਹੋਣ ਕਰਕੇ ਗੁਰੂ ਘਰ ਦੀ ਸੇਵਾ ਅਤਿਅੰਤ ਲਗਨ ਤੇ ਪ੍ਰੇਮ ਨਾਲ ਕਰਦੇ ਸਨ। ਜਿਸ ਦੇ ਸਿੱਟੇ ਵਜੋਂ 1552 ਈ: ਨੂੰ ਸ੍ਰੀ ਗੁਰੂ ਅੰਗਦ ਦੇਵ ਜੀ (ਸਿੱਖ ਧਰਮ ਦੇ ਦੂਜੇ ਗੁਰੂ ) ਨੇ ਗੁਰਿਆਈ ਸੌਂਪ ਦਿੱਤੀ। ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਬਾਣੀ ਰਚਨਾ ਦੀ ਮਰਿਆਦਾ ਨੂੰ ਕਾਇਮ ਰੱਖਦਿਆਂ ਕਈ ਅਤਿ ਮਹੱਤਵਪੂਰਣ ਕਾਰਜ ਕੀਤੇ।

"ਗੁਰਮਤਿ ਸੰਗੀਤ ਪ੍ਰੰਪਰਾ ਦੇ ਵਿਕਾਸ ਵਿੱਚ ਆਪਣਾ ਵਡੇਰਾ ਯੋਗਦਾਨ ਪਾਉਂਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਨੇ 'ਮੰਜੀ ਪ੍ਰਣਾਲੀ'('ਮੰਜੀ' ਤੋਂ ਭਾਵ ਗੁਰੂ ਸਾਹਿਬ ਦੇ ਵਿਚਾਰਧਾਰਕ ਸੰਦੇਸ਼ ਦਾ ਪ੍ਰਚਾਰ ਕਰਨ ਹਿੱਤ ਕਿਸੇ ਸੁੱਚੇ ਜੀਵਨ ਵਾਲੇ ਸ਼ਖਸ਼ ਦੀ ਨਿਯੁਕਤੀ ਕਰਨੀ ) ਕਾਇਮ ਕੀਤੀ। ਇਸ ਪ੍ਰਕਾਰ ਆਪ ਨੇ ਗੁਰਮਤਿ ਦੇ ਪ੍ਰਚਾਰ ਹਿੱਤ 22 ਵਿਦਵਾਨ ਪ੍ਰਚਾਰਕਾਂ ਨੂੰ ਪੰਜਾਬ ਦੇ ਵੱਖਰੇ-ਵੱਖਰੇ ਭਾਗਾਂ ਵਿੱਚ ਭੇਜਿਆ ਗਿਆ।"(1)

ਆਪ ਨੇ ਬਾਣੀ ਦੇ ਪ੍ਰਚਾਰ ਦਾ ਮੁੱਖ ਕੇਂਦਰ ਗੋਇੰਦਵਾਲ ਸਾਹਿਬ ਵਸਾਇਆ ਜਿੱਥੇ ਸਵੇਰੇ ਸ਼ਾਮ ਆਪ ਦੇ ਦਰਬਾਰ ਵਿੱਚ ਭਾਈ ਸੱਤਾ, ਭਾਈ ਬਲਵੰਡ, ਭਾਈ ਪਾਧਾਂ ਅਤੇ ਰਬਾਬੀ ਬੁੱਲਾ ਆਦਿ ਬਾਣੀ ਗਾਇਨ ਕਰਦੇ ਸਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਬਾਣੀ ਰਚਨਾਂ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੇ ਹੋਏ 907 ਸਲੋਕ ਅਤੇ ਸ਼ਬਦਾਂ ਦੀ ਰਚਨਾਂ ਕੀਤੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਅਤੇ ਜੋ ਵਿਭਿੰਨ ਰਾਗਾਂ ਦੇ ਅੰਤਰਗਤ ਰਚੇ ਗਏ ਹਨ।ਆਪ ਦੀ ਬਾਣੀ ਆਨੰਦ ਦੇ ਸੋਮੇ ਨੂੰ ਉਜਾਗਰ ਅਤੇ ਅਤਿਅੰਤ ਕੋਮਲ ਭਾਵਾਂ ਨੂੰ ਜਨਮ ਦਿੰਦੀ ਹੈ।

"ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਪੜ੍ਹਦਿਆਂ ਤੜਕੇ ਵੇਲੇ ਕੂਲੇ ਘਾਹ ਤੇ ਤਰੇਲ ਦੀਆਂ ਬੂੰਦਾਂ ਵਾਂਗ ਅੰਮ੍ਰਿਤ ਕਣਾਂ ਤੇ ਡੁੱਲ-ਡੁੱਲ ਪੈਣ ਦਾ ਅਹਿਸਾਸ ਹੁੰਦਾ ਹੈ। ਉਹਨਾਂ ਦੇ ਨਿਰਮਲ ਵਿਚਾਰਾਂ ਦੀ ਸੁਗੰਧੀ ਨਾਲ ਮਾਨਸਿਕਤਾ ਵਿੱਚ ਇੱਕ ਵਿਸ਼ੇਸ਼ ਮਹਿਕ ਵਿਅਕਤ ਹੋ ਜਾਂਦੀ ਹੈ ਆਪ ਜੀ ਦੀ ਬਾਣੀ ਵਿਚੋਂ ਇੱਕ ਪਾਸੇ ਸ਼ਪੱਸ਼ਟਤਾ ਹੈ ਤਾਂ ਦੂਸਰੇ ਪਾਸੇ ਰਹੱਸਵਾਦੀ ਡੂੰਘਾਈ ਵੀ ਹੈ।"(2)

ਵਿਹਾਰਕ ਪੱਖੋਂ ਆਪ ਜੀ ਦੀ ਬਾਣੀ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

1 ਸਾਹਿਤਕ ਪੱਖ (ਕਾਵਿ ਪੱਖ)

2 ਸੰਗੀਤਕ ਪੱਖ (ਸ਼ਾਸ਼ਤਰੀ ਅਤੇ ਲੋਕ ਪੱਖ)

**ਸਾਹਿਤਕ ਪੱਖ (ਕਾਵਿ ਪੱਖ)**

ਸ਼੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਕਾਵਿ ਪੱਖ ਦੇ ਅਨੇਕ ਤੱਤ ਪਾਏ ਜਾਂਦੇ ਹਨ ਜਿਵੇਂ ਛੰਦ,ਅਲੰਕਾਰ,ਰਸ,ਰੂਪਕ, ਉਪਮਾ ਆਦਿ ।

**ਛੰਦ** : ਗੁਰੂ ਸਾਹਿਬ ਜੀ ਬਾਣੀ ਵਿੱਚ ਕਾਵਿ ਦੇ ਵਿਸ਼ੇਸ਼ ਛੰਦਾਂ ਦਾ ਪ੍ਰਯੋਗ ਪਾਇਆ ਜਾਂਦਾ ਹੈ । 'ਛੰਦ' ਅਤੇ ਕਾਵਿ ਦਾ ਅਟੁੱਟ ਸਬੰਧ ਮੰਨਿਆ ਜਾਂਦਾ ਹੈ ਇਸੇ ਕਰਕੇ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾਂ ਨਹੀਂ ਕੀਤੀ ਜਾ ਸਕਦੀ। ਵੈਦਿਕ ਕਾਲ ਵਿੱਚ ਛੰਦਾਂ ਨੂੰ ਛੰਦਸ ਵੀ ਕਿਹਾ ਜਾਦਾ ਸੀ। ਸ਼੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਕਾਵਿ ਅਤੇ ਸੰਗੀਤ ਦਾ ਸੁੰਦਰ ਸੁਮੇਲ ਹੈ ਜਿਸ ਵਿੱਚ ਛੰਦਾਂ ਦਾ ਮਹੱਤਵਪੂਰਣ ਯੋਗਦਾਨ ਹੈ । ਜਿਸ ਕਾਵਿ ਵਿੱਚ ਮਾਤਰਾ, ਆਕਾਰ, ਵਿਸਰਾਮ ਅਤੇ ਅਨੁਪ੍ਰਾਸ ਆਦਿ ਨਿਯਮਾਂ ਦੀ ਪਾਬੰਦੀ ਹੋਵੇ ਛੰਦ ਕਹਾਉਂਦੀ ਹੈ।

ਸ਼੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿੱਚ ਛੰਦਾਂ ਦੇ ਅੰਤਰਗਤ ਪਦੇ, ਦੁਪਦੇ (ਜਿਸ ਸ਼ਬਦ ਵਿੱਚ ਦੋ ਪਦ ਹੋਣ), ਤਿਪਤਾ (ਜਿਸ ਵਿੱਚ ਤਿੰਨ ਪਾਉੜੀਆਂ ਜਾਂ ਪਦ),ਚਉਪਦੇ(ਜਿਸ ਸ਼ਬਦ ਵਿੱਚ ਚਾਰ ਪਦ ਜਾਂ ਬੰਦ ਹੋਣ), ਪੰਜਪਦੇ, ਅਸ਼ਟਪਦੀਆਂ, ਸਲੋਕ, ਪਉੜੀ, ਦੋਹਰਾ ਆਦਿ ਮਿਲਦੇ ਹਨ।

**ਰਸ** : ਆਦਿ ਕਾਲ ਤੋਂ ਹੀ ਰਸ ਕਾਵਿ ਅਤੇ ਸੰਗੀਤ ਦਾ ਵਿਸ਼ੇਸ਼ ਸੁਮੇਲ ਰਿਹਾ ਹੈ । ਕਿਉਂਕਿ ਰਸ ਜਿੱਥੇ ਕਾਵਿ ਦਾ ਅਟੁੱਟ ਹਿੱਸਾ ਹੈ ਉਥੇ ਸੰਗੀਤ ਦਾ ਉਨਾਂ ਹੀ ਮਹੱਤਵਪੂਰਣ ਅੰਗ ਹੈ ਕਿਉਂਕਿ ਇਸ ਵਿੱਚ ਅਧਿਆਤਮਕ ਅਨੁਭੁਤੀ ਅਤੇ ਉਪਾਸਨਾ ਦਾ ਬੇਜੋੜ ਮਿਸ਼ਰਣ ਹੈ। ਰਸ ਨੂੰ ਕਾਵਿ ਅਤੇ ਸੰਗੀਤ ਦੋਹਾਂ ਦੀ ਆਤਮਾ ਕਿਹਾ ਜਾਂਦਾ ਹੈ ।

ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਵਿਭਿੰਨ ਰਸਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ :

"ਮਨ ਚਾਊ ਭਾਇਆ ਪ੍ਰਭ ਆਗਮ ਸੁਣਿਆ।"–ਸ਼ਿੰਗਾਰਰਸ (3)

"ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰ ਮਾਇਆ"–ਭਗਤੀਰਸ (4)

"ਮਾਇਆ ਅਗਨਿ ਸਭ ਇੱਕੋ ਜੈਹੀ,ਕਰਕੇ ਖੇਲ ਰਚਾਇਆ"–ਅਦਭੁਤ (5)

ਉਪਰੋਕਤ ਵਰਨਣ ਕੀਤੇ ਰਸਾਂ ਵਿੱਚ ਭਗਤੀ ਦਾ ਭਾਵ ਦਰਸਾਇਆ ਗਿਆ ਹੈ ਜੋ ਕਿ ਸ਼੍ਰੀ ਗੁਰੂ ਅਮਰਦਾਸ ਜੀ ਦੀ ਵਿਲੱਖਣ ਸ਼ਖਸ਼ੀਅਤ ਦਰਸਾਉਂਦਾ ਹੈ ।

**ਅਲੰਕਾਰ** : ਅਲੰਕਾਰ ਨੂੰ ਕਾਵਿ ਦਾ ਗਹਿਣਾ ਵੀ ਕਿਹਾ ਜਾਂਦਾ ਹੈ । ਇੱਥੋਂ ਤੱਕ ਕਿ ਕਾਵਿ ਦੀ ਆਤਮਾ ਵੀ ਕਿਹਾ ਜਾਂਦਾ ਹੈ । ਕਿਉਂਕਿ ਇਹਨਾਂ ਦੀ ਵਰਤੋਂ ਰਸ ਭਿੰਨੇ ਕਾਵਿ ਦੀ ਸਿਰਜਣਾ ਲਈ ਅਤਿਅੰਤ ਆਵਸ਼ਕ ਹੈ।"ਸ਼੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਜਾਣੇ ਪਛਾਣੇ ਤਿੰਨ ਦਰਜਨਾਂ ਤੋਂ ਉੱਪਰ ਅਲੰਕਾਰ ਹਨ ਜੋ ਕਿਸੇ ਉਚੇਚੇ ਯਤਨ ਦਾ ਫ਼ਲ ਨਹੀਂ ਸਗੋ ਕਾਵਿ ਅਵਿਸ਼ਕਾਰ ਵਿੱਚ ਸੁਭਾਵਿਕ ਆ ਗਏ ਹਨ। (7)

ਗੁਰੂ ਸਾਹਿਬਾਨ ਇਸ ਗੱਲ ਤੋਂ ਭਲੀਭਾਂਤ ਜਾਣੂ ਸਨ ਕਿ ਸੂਖਮ ਭਾਵਾਂ ਨੂੰ ਭਗਤੀ ਭਾਵ ਵਿੱਚ ਰੰਗਣ ਲਈ

ਅਲੰਕਾਰਾਂ ਦਾ ਪ੍ਰਯੋਗ ਅਤਿ ਆਵਸ਼ਕ ਹੈ। ਇਸ ਕਰਕੇ ਉਹਨਾਂ ਨੇ ਆਪਣੀ ਬਾਣੀ ਵਿੱਚ ਵਿਭਿੰਨ ਅਲੰਕਾਰਾਂ ਦੀ ਵਰਤੋਂ ਕੀਤੀ ।

**ਸ਼੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਸੰਗੀਤਕ ਪੱਖ** : ਸੰਗੀਤਕ ਪੱਖੋਂ ਗੁਰੂ ਸਾਹਿਬਾਨ ਦੀ ਬਾਣੀ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ।

1) ਸਾਸ਼ਤਰੀ ਪੱਖ  2) ਲੋਕ ਪੱਖ

**ਸ਼ਾਸ਼ਤਰੀ ਪੱਖ** : ਸ਼ਾਸ਼ਤਰੀ ਪੱਖ ਦੇ ਅੰਤਰਗਤ ਗੁਰੂ ਸਾਹਿਬ ਦੀ ਬਾਣੀ ਵਿੱਚ ਰਾਗ ਪੱਖ, ਸੰਗੀਤਕ ਸ਼ਬਦ, ਸਾਜ਼,ਆਦਿ ਦਾ ਵਰਨਣ ਮਿਲਦਾ ਹੈ । ਸ਼੍ਰੀ ਗੁਰੂ ਅਮਰਦਾਸ ਜੀ ਨੇ ਆਪਣੀਆਂ ਰਚਨਾਵਾਂ ਨੂੰ ਰਾਗਾਂ ਵਿੱਚ ਉਚਾਰਿਆ । ਇੱਥੇ ਇਹ ਗੱਲ ਸ਼ਪਸ਼ਟ ਕਰਨਾ ਜਰੂਰੀ ਹੈ ਕਿ ਸੰਗੀਤ ਦੇ ਸ਼ਾਸ਼ਤਰੀ ਪੱਖ ਦਾ ਪ੍ਰਯੋਗ ਸੰਗੀਤਾਮਕ ਪੱਖ ਨੂੰ ਉਘਾੜਨ ਲਈ ਨਹੀਂ ਬਲਕਿ ਸੰਗੀਤ ਰਾਹੀਂ ਆਧਿਆਤਮ ਭਗਤੀ ਦਾ ਪ੍ਰਚਾਰ ਕਰਨ ਲਈ ਸੰਗੀਤ ਨੂੰ ਸਹਾਰਾ ਬਣਾਇਆ । ਆਪ ਜੀ ਨੇ ਆਪਣੀ ਬਾਣੀ ਵਿਭਿੰਨ ਰਾਗਾਂ ਵਿੱਚ ਰਚੀ ਜੋ ਕਿ ਇਸ ਪ੍ਰਕਾਰ ਹਨ ਰਾਗ ਸਿਰੀ,ਮਾਝ,ਗਉੜੀ, ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਆਸਾ ਕਾਫ਼ੀ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਓ, ਬਸੰਤ (ਬਸੰਤ ਹਿੰਡੋਲ) ਸਾਰੰਗ, ਮਲ੍ਹਾਰ, ਪ੍ਰਭਾਤੀ, (ਪ੍ਰਭਾਤੀ ਵਿਭਾਸ) ਆਦਿ ।

ਸ਼੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿੱਚ ਬਹੁਤ ਸਾਰੇ ਰਾਗਾਂ ਨੂੰ ਸਬੰਧੋਨ ਕਰਕੇ ਵੀ ਬਾਣੀ ਰਚੀ ਹੈ । ਜਿਵੇਂ:-

| | | |
|---|---|---|
| ਸਿਰੀ ਰਾਗ | : | "ਰਾਗਾਂ ਵਿੱਚ ਸ਼੍ਰੀ ਰਾਗ ਹੈ ਜੇ ਸਚਿ ਧਰਿ ਪਿਆਰ"(8) |
| ਗਉੜੀ | : | "ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ"(9) |
| ਗੂਜਰੀ | : | "ਗੂਜਰੀ ਜਾਤਿ ਗਵਾਰਿ ਜਾ ਸਹੁ ਪਏ ਆਪਣਾ" (10) |
| ਵਡਹੰਸ | : | "ਸਬਦਿ ਰਤੇ ਵਡਹੰਸ ਹੈ ਸਚੁ ਨਾਮ ਉਰਿਧਾਰਿ" (11) |
| ਧਨਾਸਰੀ | : | "ਧਨਾਸਰੀ ਧਨਵੰਤੀ ਜਾਣੀਐ, ਭਾਈ ਜਾਂ ਸਤਿਗੁਰ ਦੀ ਕਾਰ ਕਮਾਇ।"(12) |
| ਸੂਹੀ | : | "ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ"(13) |
| ਬਿਲਾਬਲ | : | "ਬਿਲਾਬਲ ਤਬ ਹੀ ਕੀਜੀਐ ਜਬ ਮੁਖਿ ਹੋਵੇ ਨਾਮ"(14) |
| ਰਾਮਕਲੀ | : | "ਰਾਮਕਲੀ ਰਾਮ ਮਨਿਵਸਿਆ ਤਾਂ ਬਨਿਆ ਸ਼ੀਗਾਰ"(15) |
| ਬਸੰਤ | : | "ਤਿਨ ਬਸੰਤੁ ਜੋ ਹਰਿਗੁਣ ਗਾਇ, ਪੂਰੇ ਭਾਗਿ,ਹਰਿ ਭਗਤਿ ਕਰਾਇ"(16) |
| ਮਲ੍ਹਾਰ | : | "ਮਲ੍ਹਾਰ ਸੀਤਲ ਰਾਗ ਹੈ ਹਰਿ ਧਿਆਇਐ ਸਾਤ ਹੋਇ"(17) |

**ਮਿਸ਼ਰਤ ਰਾਗ** : ਸ਼੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਮੁੱਖ ਰਾਗਾਂ ਦੇ ਨਾਲ-ਨਾਲ ਮਿਸ਼ਰਤਾਂ ਰਾਗ ਵਿੱਚ ਬਾਣੀ ਰਚਨਾ ਕੀਤੀ ਜਾਂਦੀ ਹੈ ਜਿਵੇਂ ਰਾਗ ਗਉੜੀ ਦੇ ਵਿਭਿੰਨ ਪ੍ਰਕਾਰਾਂ ਵਿੱਚੋਂ ਗਉੜੀ ਗੁਆਰੇਰੀ,ਗਉੜੀ ਦੱਖਣੀ,ਗਉੜੀ ਪੂਰਬੀ ਆਦਿ ਦਾ ਨਾਮ ਲਿਆ ਜਾ ਸਕਦਾ ਹੈ ।

**ਰਿਤੂ ਕਲੀਨ ਰਾਗ** : ਜਿਹੜੇ ਰਾਗ ਵਿਸ਼ੇਸ਼ ਰੁੱਤਾਂ ਨਾਲ ਸਬੰਧਿਤ ਹੁੰਦੇ ਹਨ ਉਹਨਾਂ ਨੂੰ ਰਿਤੂ ਕਾਲੀਨ ਰਾਗ ਕਿਹਾ

ਜਾਂਦਾ ਹੈ ਅਤੇ ਗੁਰੂ ਸਾਹਿਬਾਨ ਨੇ ਬਸੰਤ ਅਤੇ ਵਰਖਾ ਰੁੱਤ ਲਈ ਬਸੰਤ ਰਾਗ,ਮਲ੍ਹਾਰ ਰਾਗ,ਬਸੰਤ ਹਿੰਡੋਲ ਆਦਿ ਰਾਗਾਂ ਦੇ ਅੰਤਰਗਤ ਬਾਣੀ ਦੀ ਰਚਨਾ ਵੀ ਕੀਤੀ ਹੈ ।

**ਸੰਗੀਤਕ ਸ਼ਬਦ** : ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਵਰਨਣ ਸੰਗੀਤਕ ਸ਼ਬਦ ਗੁਰੂ ਸਾਹਿਬ ਦੀ ਸੰਗੀਤ ਸ਼ਬਦਾਵਲੀ ਪ੍ਰਤੀ ਜਾਗਰੁਕਤਾ ਤੋਂ ਜਾਣੂ ਕਰਾਉਂਦੀ ਹੈ । ਜਿਵੇਂ

"ਅਨਹਦੁ ਵਾਜੈ ਨਿਜਘਰਿ ਵਾਸਾ"(18)

"ਵਾਜੈ ਪੰਚ ਸ਼ਬਦ ਤਿਤ ਘਰ ਸਭਾਗੈ"(19)

"ਤਿਨ ਬਸੰਤ ਜੋ ਹਰਿ ਗੁਣ ਗਾਇ"(20)

**ਸਮੇਂ ਨਾਲ ਸਬੰਧਿਤ ਰਾਗ** : ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਸੰਗੀਤਕ ਪੱਖੋਂ ਸਮੇਂ ਨਾਲ ਸਬੰਧਿਤ ਰਾਗ ਵੀ ਪਾਏ ਜਾਂਦੇ ਹਨ ਜਿਵੇਂ: ਅੰਮ੍ਰਿਤ ਵੇਲੇ ਦਾ ਰਾਗ : ਭੈਰਉ,ਰਾਮਕਲੀ,ਆਸਾ ਆਦਿ । ਦੁਪਿਹਰ ਵੇਲੇ : ਸਾਰੰਗ, ਵਡਹੰਸ ਆਦਿ ।ਸ਼ਾਮ ਵੇਲੇ : ਮਾਰੂ । ਰਾਤ ਸਮੇਂ ਦੇ ਰਾਗ : ਕਾਫ਼ੀ । ਅੱਧੀ ਰਾਤ ਵੇਲੇ : ਮਲ੍ਹਾਰ, ਸੋਰਠਿ ਆਦਿ ।

ਸ੍ਰੀ ਗੁਰੂ ਅਮਰਦਾਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਕੀਰਤਨ ਪ੍ਰਥਾ ਨੂੰ ਕਾਇਮ ਰੱਖਦੇ ਹੋਏ ਇੱਕ ਮਹੱਤਵਪੂਰਨ ਤੰਤੀ ਸਾਜ਼ 'ਸਰੰਦੇ' ਦਾ ਅਵਿਸ਼ਕਾਰ ਕੀਤਾ ਹੈ ਜੋ ਕਿ ਗੁਰੂ ਸਾਹਿਬਾਨ ਵਲੋਂ ਗੁਰਮਤਿ ਸੰਗੀਤ ਨੂੰ ਇੱਕ ਮਹੱਤਵਪੂਰਨ ਦੇਣ ਹੈ ।

**ਲ਼ੋਕ ਪੱਖ**: ਸ੍ਰੀ ਗੁਰੂ ਅਮਰਦਾਸ ਜੀ ਨੇ ਲੋਕ ਵੰਨਗੀ ਕਾਵਿ ਵਿਸ਼ੇਸ਼ ਰਾਗਾਂ ਅਧੀਨ ਰਚਿਆ ਜਿਨਾਂ ਵਿੱਚੋਂ ਮੁੱਖ ਤੌਰ ਤੇ ਆਨੰਦ ਸਾਹਿਬ ( ਜਿਸ ਨੂੰ ਵੱਡੇ ਆਕਾਰ ਦੀ ਬਾਣੀ ਵੀ ਕਿਹਾ ਜਾਂਦਾ ਹੈ ) ਪੱਟੀ, ਸਤਵਾਰ, ਥਿਤੀ, ਸੋਲਹੇ, ਅਲਾਹੁਣੀਆ,ਛੰਤ ਵਾਰਾਂ ਆਦਿ ਹਨ । ਇਨਾਂ ਬਾਣੀਆ ਦਾ ਵਿਵਰਣ ਇਸ ਪ੍ਰਕਾਰ ਹੈ ।

**ਅਨੰਦ ਸਾਹਿਬ** : ਗੁਰੂ ਸਾਹਿਬ ਵਲੋਂ ਰਚੀ ਗਈ ਆਨੰਦ ਸਾਹਿਬ ਦੀ ਬਾਣੀ ਰਾਗ ਰਾਮਕਲੀ ਅੰਤਰਗਤ ਰਚੀ ਗਈ ਹੈ । ਜਿਸ ਨੂੰ ਆਪਨੇ ਆਪਣੇ ਪੋਤਰੇ ਦੇ ਜਨਮ ਸਮੇਂ ਰਚਿਆ । ਇਸ ਬਾਣੀ ਵਿੱਚ ਕੁੱਲ 40 ਪਉੜੀਆ ਹਨ । ਇਸ ਵਿੱਚ ਮਨੁੱਖ ਨੂੰ ਹਰ ਅਵਸਥਾ ਵਿੱਚ ਨਿਰਲੇਪ ਅਤੇ ਅਨੰਦਮਈ ਰਹਿਣ ਦਾ ਸੰਦੇਸ਼ ਦਿੱਤਾ ਹੈ । ਇਸੇ ਕਰਕੇ ਇਸਨੂੰ ਖੁਸ਼ੀ ਅਤੇ ਗਮੀ ਦੋਹਾਂ ਅਵਸਥਾ ਵਿੱਚ ਗਾਇਆ ਜਾਂਦਾ ਹੈ ।

**ਪੱਟੀ** : ਵਰਨਮਾਲਾ ਦੇ ਅਧਾਰ ਤੇ ਰਚੀ ਗਈ ਬਾਣੀ ਪੱਟੀ ਜਿਸਦੀ ਹਰੇਕ ਪੰਕਤੀ ਵਰਨਮਾਲਾ ਦੇ ਕਿਸੇ ਅੱਖਰ ਤੋਂ ਆਰੰਭ ਹੁੰਦੀ ਹੈ ।ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਗਈ ਪੱਟੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਬਾਣੀ ਦੀ ਰਚਨਾ ਕੀਤੀ।

**ਸਤਵਾਰਾ** : ਸਤਵਾਰਾ ਬਾਣੀ ਦੀ ਰਚਨਾ ਗੁਰੂ ਸਾਹਿਬਾਨ ਨੇ ਬਿਲਾਬਲ ਰਾਗ ਦੇ ਅੰਤਰਗਤ ਕੀਤੀ ਜਿਸ ਵਿੱਚ ਸੱਤ ਦਿਨਾਂ ਦਾ ਵਰਨਣ ਕਰਕੇ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ ।

**ਥਿਤੀ** : ਥਿਤੀ ਜਾਂ ਪੰਦਰਾ ਥਿਤੀ ਵਿੱਚੋਂ ਗੁਰੂ ਸਾਹਿਬਾਨ ਵਲੋਂ ਸਉਸੀ, ਏਕਾਦਸੀ, ਦਸਮੀ, ਦੁਆਦਸੀ ਆਦਿ ਦਾ ਵਰਨਣ ਮਿਲਦਾ ਹੈ ।

**ਸੋਲਹੇ** : ਰਾਗ ਮਾਰੁ ਦੇ ਅੰਤਰਗਤ ਆਪਨੇ 24 ਸੋਲਹੇ ਰਚੇ ਜਿਨਾਂ ਦੀ ਰਚਨਾ 16 ਬੰਦਾ ਵਿੱਚ ਕੀਤੀ । ਇਹਨਾਂ

ਦੀਆਂ ਮਾਤਰਾਵਾਂ ਸੰਗੀਤਕ ਪੱਖੋਂ ਪੂਰੀਆਂ ਆਉਦੀਆਂ ਹਨ ।

**ਅਲਾਹੁਣੀਆ:** ਅਲਾਹੁਣੀਆਂ ਪੰਜਾਬੀ ਲੋਕ ਕਾਵਿ ਦਾ ਰੂਪ ਹੈ ਜਿਸ ਵਿੱਚ ਵਿਛੋੜੇ ਦਾ ਸੋਗ ਦਾ ਭਾਵ ਵਿਅਕਤ ਹੁੰਦਾ ਹੈ। ਰਾਗ ਵਡਹੰਸ ਕੁੱਲ 4 ਅਲਾਹੁਣੀਆਂ ਦੀ ਰਚਨਾ ਹੋਈ ਹੈ ਜਿਹਨਾਂ ਦਾ ਗਾਇਨ ਪ੍ਰਾਣੀ ਦੇ ਅੰਤਿਮ ਸਮੇਂ ਕੀਤਾ ਜਾਂਦਾ ਹੈ ।

**ਵਾਰਾਂ:** ਵਾਰ ਪੰਜਾਬੀ ਲੋਕ ਕਾਵਿ ਦਾ ਰੂਪ ਹੈ । ਜਿਸਦਾ ਵਿਸ਼ਾ ਕਿਸੇ ਯੁੱਧ ਵਾਰਤਾ ਨੂੰ ਪਉੜੀ ਵਿੱਚ ਗਾ ਕੇ ਪੇਸ਼ ਕੀਤਾ ਜਾਂਦਾ ਹੈ । ਪ੍ਰੰਤੂ ਗੁਰੂ ਸਾਹਿਬਾਨ ਨੇ ਵਾਰਾਂ ਦੀ ਵਰਤੋਂ ਅਧਿਆਤਮਕ ਵਿਸ਼ਿਆ ਦਾ ਵਰਨਣ ਕਰਨ ਲਈ ਕੀਤਾ । ਆਪ ਨੇ ਕੁੱਲ 4 ਵਾਰਾਂ ਦੀ ਰਚਨਾ ਕੀਤੀ ਜੋ ਇਸ ਪ੍ਰਕਾਰ ਹਨ 1. ਗੁਜਰੀ ਦੀ ਵਾਰ 2. ਸੂਹੀ ਦੀ ਵਾਰ 3. ਰਾਮਕਲੀ ਦੀ ਵਾਰ 4. ਮਾਰੂ ਦੀ ਵਾਰ

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਕਿ ਸ਼੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਕਾਵਿ ਅਤੇ ਸੰਗੀਤ ਦਾ ਉਤਮ ਸੁਮੇਲ ਹੈ । ਸੰਗੀਤ ਵਿੱਚ ਸਾਹਿਤ (ਕਾਵਿ ਪੱਖ ) ਦਾ ਵਿਸ਼ੇਸ਼ ਸਥਾਨ ਹੁੰਦਾ ਹੈ । ਗੁਰੂ ਬਾਣੀ ਵਿੱਚ ਸੰਗੀਤ ਦਾ ਸਹਾਰਾ ਲੈਂਦੇ ਹੋਏ ਬਾਣੀ ਨੂੰ ਪ੍ਰਗਟਾਇਆਂ ਜਾਂਦਾ ਹੈ । ਗੁਰੂ ਸਾਹਿਬਾਨ ਦਾ ਮੁੱਖ ਉਦੇਸ਼ ਬਾਣੀ ਦਾ ਪ੍ਰਚਾਰ ਕਰਨਾ ਸੀ ਜਿਸਦੀ ਪ੍ਰੇਰਨਾਂ ਉਨਾਂ ਨੇ ਪੂਰਬਲੇ ਗੁਰੂਆਂ ਤੋਂ ਲਈ । ਉਨਾਂ ਨੇ ਆਪਣੀ ਬਾਣੀ ਨੂੰ ਰਾਗਾਂ ਵਿੱਚ ਨਿਰਧਾਰਿਤ ਕਰਕੇ ਹੋਰ ਸੰਗੀਤਕ ਤੱਤਾਂ ਦਾ ਵੀ ਪ੍ਰਯੋਗ ਕੀਤਾ ਅਤੇ ਕਾਵਿ ਦੇ ਪੱਖਾਂ ਨੂੰ ਵੀ ਉਜਾਗਰ ਕੀਤਾ ਪ੍ਰੰਤੂ ਉਨਾਂ ਦਾ ਮੁੱਖ ਉਦੇਸ਼ ਕਾਵਿ ਅਤੇ ਸੰਗੀਤ ਦੇ ਸੁਮੇਲ ਰਾਹੀਂ ਅਧਿਆਤਮਿਕ ਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੀ ਸੀ ।

ਪਦ ਟਿੱਪਣੀਆ ਅਤੇ ਹਵਾਲੇ:


1. "ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ",ਗੁਰਨਾਮ ਸਿੰਘ-(ਡਾ.) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ ਪੰਨਾਂ (1)
2. "ਗੁਰੂ ਅਮਰਦਾਸ : ਜੀਵਨ ਅਤੇ ਚਿੰਤਨ" ਸੰਪਾਦਕ ਕ੍ਰਿਸ਼ਨ ਲਾਲ ਸ਼ਰਮਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪੰਨਾਂ (2)
3. "ਸ੍ਰੀ ਗੁਰੂ ਗ੍ਰੰਥ ਸਾਹਿਬ" ਪੰਨਾਂ (921)
4. "ਉਹੀ" (920)
5. "ਉਹੀ" (1413)
6. "ਉਹੀ" (794)
7. "ਗੁਰੂ ਅਮਰਦਾਸ: ਜੀਵਨ ਅਤੇ ਚਿੰਤਨ" ਸੰਪਾਦਕ ਕ੍ਰਿਸ਼ਨ ਲਾਲ ਸ਼ਰਮਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਨਾਂ (2)
8. "ਸ੍ਰੀ ਗੁਰੂ ਗ੍ਰੰਥ ਸਾਹਿਬ" ਪੰਨਾਂ (83)
9. "ਉਹੀ" (247)
10. "ਉਹੀ" (576)
11. "ਉਹੀ" (525)
12. "ਉਹੀ" (1419)
13. "ਸ੍ਰੀ ਗੁਰੂ ਗ੍ਰੰਥ ਸਾਹਿਬ" ਪੰਨਾਂ (785)
14. "ਉਹੀ" (849)
15. "ਉਹੀ" (950)
16. "ਉਹੀ" (1176)
17. "ਉਹੀ" (1285)
18. "ਉਹੀ" (908)
19. "ਉਹੀ" (918)
20. "ਉਹੀ" (1176)


Sr. Lectuter, Deptt. Of music, A Pee Jey College Fine Arts

# ਪ੍ਰਿੰਸੀਪਲ ਸ਼ਮਸੇਰ ਸਿੰਘ ਕਰੀਰ ਦਾ ਸੰਗੀਤ ਕਲਾ ਨੂੰ ਯੋਗਦਾਨ
## (1934-2008)

**ਰਮਨਦੀਪ ਕੌਰ**

ਸਤਿਕਾਰਤ ਸ਼ਮਸੇਰ ਸਿੰਘ 'ਕਰੀਰ' ਪੰਜਾਬ ਦੀ ਸੰਗੀਤ ਪਰੰਪਰਾ ਦੇ ਅਜਿਹੇ ਮਹਾਨ ਵਿਅਕਤੀ ਸਨ ਜਿਹਨਾ ਨੇ ਨਾ ਕੇਵਲ ਸ਼ਾਸਤਰੀ ਵਾਦਨ ਵਿੱਚ ਮੁਹਾਰਤ ਹਾਸਿਲ ਕੀਤੀ ਸਗੋ ਗਾਇਨ ਅਤੇ ਗੁਰਬਾਣੀ ਸੰਗੀਤ ਦੇ ਖੇਤਰ ਵਿੱਚ ਵੀ ਨਿਪੁੰਨਤਾ ਹਾਸਿਲ ਕੀਤੀ। ਆਪ ਉਚਕੋਟੀ ਦੇ ਸੰਗੀਤ ਵਿਦਵਾਨ ਅਤੇ ਗੁਰਮਤਿ ਕੀਰਤਨ ਦੀ ਸਤਿਕਾਰਯੋਗ ਹਸਤੀ ਸਨ। ਸਾਧਾਰਣ ਪਰਿਵਾਰ ਵਿੱਚੋਂ ਜਨਮ ਲੈ ਕੇ ਕਲਾ ਦੀਆਂ ਬੁਲੰਦੀਆਂ ਉਤੇ ਪਹੁੰਚਕੇ ਵੀ ਆਪ ਅਤਿ ਨਿਮਰ ਸੁਭਾ ਦੇ ਵਿਅਕਤੀ ਸਨ। ਪ੍ਰਿੰਸੀ. ਸ਼ਮਸੇਰ ਸਿੰਘ 'ਕਰੀਰ' ਦਾ ਜਨਮ 1-3-1934 ਨੂੰ ਪਿਤਾ ਸ੍ਰ: ਕਰਤਾਰ ਸਿੰਘ ਦੇ ਘਰ ਮਾਤਾ ਈਸ਼ਰ ਕੌਰ ਦੀ ਕੁਖੋਂ ਹੋਇਆ। ਆਪ ਜੀ ਜਲੰਧਰ ਜਿਲ੍ਹੇ ਦੇ ਵਸਨੀਕ ਸਨ।

**ਵਿਦਿਆਰਥੀ ਜੀਵਨ:-**

ਸੰਗੀਤ ਇਕ ਅਜਿਹਾ ਵਿਸ਼ਾ ਹੈ ਜਿਸ ਵਿੱਚ ਸਾਰਾ ਜੀਵਨ ਇਕ ਵਿਦਿਆਰਥੀ ਬਣਕੇ ਹੀ ਗੁਜਰਦਾ ਹੈ। ਇਸ ਸੰਗੀਤਕਾਰ ਦੀ ਸਿਖਿਆ ਦੀ ਸ਼ੁਰੂਆਤ ਬਚਪਨ ਵਿੱਚ ਛੇ ਸਾਲ ਦੀ ਉੱਮਰ ਵਿੱਚ ਇਕ ਸ਼ਬਦ ਸਿੱਖਣ ਤੋਂ ਆਰੰਭ ਹੋਈ ਜਿੱਥੋਂ ਇਹਨਾਂ ਦੀ ਸੰਗੀਤ ਉਪਯੋਗੀ ਆਵਾਜ਼ ਦਾ ਪਤਾ ਚਲਿਆ ਅਤੇ ਸੰਗੀਤ ਸਿੱਖਣ ਦੀ ਚੇਟਕ ਲਗੀ । ਆਪ ਨੇ ਇਸ ਸਮੇ ਦੋਰਾਨ ਵੱਖ ਵੱਖ ਅਧਿਆਪਕਾਂ ਪਾਸੋਂ ਸਿਖਿੱਆ ਪ੍ਰਾਪਤ ਕੀਤੀ। ਇਸ ਤੋਂ ਬਾਅਦ 1945 ਵਿੱਚ ਪੰ: ਲਕਸਮਣ ਪ੍ਰਸਾਦ ਜੈਪੁਰ ਵਾਲਿਆ ਨੂੰ ਗੁਰੂ ਧਾਰਨ ਕੀਤਾ (ਜੋ ਹਿੰਦੁਸਤਾਨ ਦੇ ਪ੍ਰਸਿੱਧ ਗਾਇਕ ਸਨ) ਆਪ ਜੀ ਨੇ 11 ਸਾਲ ਦੀ ਉਮਰ ਵਿੱਚ ਦਿੱਲੀ ਰਹਿਕੇ ਇਕ ਸਾਲ ਤੱਕ ਸੰਗੀਤਕ ਸਿੱਖਿਆ ਦਾ ਆਰੰਭ ਕਰਕੇ ਇਸ ਦੌਰਾਨ ਰਾਗ ਪੂਰੀਆ ਸਿੱਖਿਆ। 1954 ਵਿੱਚ ਆਪ ਨੂੰ ਹਰੀਸ਼ਚੰਦਰ ਬਾਲੀ ਜੀ ਪਾਸੋਂ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਅਤੇ ਇਹਨਾਂ ਨੂੰ ਗੁਰੂ ਧਾਰਣ ਕੀਤਾ। ਆਪ ਨੂੰ ਦਲੀਪ ਚੰਦਰ ਬੇਦੀ ਜੀ ਪਾਸੋ ਵੀ ਸੰਗੀਤ ਸਿੱਖਿਆ ਲੈਣ ਦਾ ਸੁਭਾਗ ਪ੍ਰਾਪਤ ਹੋਇਆ । 1957 ਵਿੱਚ ਆਪਜੀ ਦਾ ਗੰਢਾਬੰਧਨ ਵਿਲਾਇਤ ਖਾਂ ਸਾਹਿਬ ਨਾਲ ਹੋਇਆ ਜਿਹਨਾਂ ਪਾਸੋ ਆਪ ਨੇ ਸਿਤਾਰ ਦੀ ਸਿੱਖਿਆ ਗੁਰੂ ਸ਼ਿਸ ਪਰੰਪਰਾ ਅਧੀਨ ਆਰੰਭ ਕੀਤੀ। ਆਪਜੀ ਨੇ ਸਮੁੱਚਾ ਜੀਵਨ ਸੰਗੀਤ ਦੇ ਗਾਇਨ ਅਤੇ ਵਾਦਨ ਨੂੰ ਸਮਰਪਿਤ ਕੀਤਾ। ਆਪ ਨੇ ਸੰਗੀਤ ਪ੍ਰਵੀਨ (ਗਾਇਨ) ਮੈਰਿਟ ਵਿੱਚ ਰਹਿ ਕੇ ਅਤੇ ਸੰਗੀਤ ਭਾਸਕਰ ਵਾਦਨ ਵਿੱਚ ਸੋਨ ਤਗਮਾ ਹਾਸਿਲ ਕੀਤਾ।ਆਪ ਆਪਣੇ ਵਿਦਿਆਰਥੀ ਜੀਵਨ ਵਿੱਚ ਸਿੱਖਿਆ ਦੀਆਂ ਉਚਾਈਆਂ ਨੂੰ

ਛੁੰਹਦੇ ਰਹੇ।

**ਅਧਿਆਪਨ ਕਾਰਜ:-**

1955-1967 ਤੱਕ ਰਿਪੁਦਮਨ ਕਾਲਜ ਨਾਭਾ ਵਿਖੇ ਸੰਗੀਤ ਵਿਸ਼ੇ ਦੇ ਅਧਿਆਪਕ ਰਹੇ।

1967-1990 ਤੱਕ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿੱਚ ਸੰਗੀਤ ਵਿਭਾਗ ਵਿੱਚ ਸੇਵਾ ਕੀਤੀ।

1990-1992 ਤੱਕ ਸਰਕਾਰੀ ਕਾਲਜ ਸਿੱਧਸਰ ਲੁਧਿਆਣਾ ਵਿਖੇ ਪ੍ਰਿੰਸੀਪਲ ਦੇ ਅਹੁੱਦੇ ਉਪਰ ਕੰਮ ਕੀਤਾ ਅਤੇ ਇੱਥੋ ਹੀ 1992 ਵਿੱਚ ਸੇਵਾ ਮੁਕਤ ਹੋਏ।

**ਲੇਖਕ ਰੂਪ ਵਿੱਚ:** ਪ੍ਰਿੰਸੀਪਲ ਸਾਹਿਬ ਸੰਗੀਤ ਦੇ ਸ਼ਾਸ਼ਤਰ ਅਤੇ ਕਿਰਿਆਤਮਕ ਦੋਹਾਂ ਪੱਖਾਂ ਦੇ ਪਾਰਖੂ ਸਨ ਜਿਸ ਦਾ ਉਦਾਹਰਨ ਉਹਨਾਂ ਵੱਲੋਂ ਰਚਿਤ ਪੁਸਤਕਾਂ ਹਨ। ਆਪ ਨੇ ਵਾਦਨ ਪਰਬੀਨ (ਲੇਖਕ), ਵਾਦਨ ਪ੍ਰਕਾਸ਼ (ਲੇਖਕ), ਪੰਜਾਬ ਦੇ ਲੋਕ ਸਾਜ਼ ਅਤੇ ਉਸ ਦਾ ਵਿਕਾਸ, ਵਾਦਨ ਰਚਨਾ ਸਾਗਰ (ਲੇਖਕ), ਗੁਰੂ ਨਾਨਕ ਸੰਗੀਤ ਪੱਧਤੀ (ਇਸ ਵਿੱਚ ਲੇਖ ਸ਼ਾਮਿਲ ਹਨ), ਵਾਦਨ ਕਲਾ (ਲੇਖਕ), ਸੰਗੀਤ ਸ਼ਾਸ਼ਤਰ (ਸੋਧਕ), ਸੰਗੀਤ ਸ਼ਾਸ਼ਤਰ ਦਰਪਣ (ਸੋਧਕ), ਸੰਗੀਤ ਨਿਬੰਧਾਵਲੀ (ਸੋਧਕ), ਭਾਰਤੀ ਸੰਗੀਤ ਸਰੂਪ ਅਤੇ ਸੁਹਜ ਪੁਸਤਕਾਂ ਦੀ ਰਚਨਾ ਵਿੱਚ ਲੇਖਕ ਅਤੇ ਸੋਧਕ ਵਜੋਂ ਕਾਰਜ ਕੀਤਾ ਅਤੇ ਸੰਗੀਤ ਕੌਮੁਦੀ ਭਾਗ ਪਹਿਲਾ ਅਤੇ ਦੂਜਾ ਦਾ ਹਿੰਦੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਨਾ ਲੇਖਕ ਦੇ ਅਣਥੱਕ ਯਤਨਾਂ ਦਾ ਨਤੀਜਾ ਹੈ। ਇਸ ਤੋਂ ਬਿਨਾਂ ਪ੍ਰਿੰ: ਕਰੀਰ ਨੇ ਵੱਖ ਵੱਖ ਸੈਮੀਨਾਰ ਅਤੇ ਰਸਾਲ਼ਿਆਂ ਵਿੱਚ ਭਾਰਤੀ ਸੰਗੀਤ ਨਾਲ ਸਬੰਧਿਤ ਵਿਸ਼ਿਆ ਤੇ ਖੋਜ ਪੱਤਰ ਵੀ ਉਪਲਬਧ ਹਨ ਜਿਵੇਂ:

- ਭਾਰਤੀ ਸੰਗੀਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦਾ ਸਥਾਨ।
- ਅਲੰਕਾਰ ਅਤੇ ਉਸਦਾ ਮਹੱਤਵ ।
- ਰਾਗਾਂ ਦਾ ਵਿਕਾਸ ।

ਗੁਰਮਤਿ ਸੰਗੀਤ ਸਹਾਇਕ ਸੰਸਥਾਵਾਂ ਅਤੇ ਟਕਸਾਲਾਂ ਦਾ ਯੋਗਦਾਨ' ਆਦਿ ਵਿਸ਼ਿਆਂ ਉਪਰ ਸੈਮੀਨਰ ਦਿੱਤੇ ਜੋ ਕਿ ਸੰਗੀਤ ਪਾਠਕਾਂ ਲਈ ਮਹੱਤਵਪੂਰਨ ਸੋਮਾ ਹਨ।ਆਪ ਨੇ ਸ਼ਾਸ਼ਤਰੀ ਸੰਗੀਤ, ਗੁਰਬਾਣੀ ਸੰਗੀਤ ਅਤੇ ਸਿਤਾਰ ਵਾਦਨ ਵਿਚ ਬਹੁਤ ਸਾਰੀਆਂ ਬੰਦਿਸ਼ਾਂ ਦੀ ਰਚਨਾ ਕੀਤੀ ਕਿਉਂ ਕਿ ਆਪਜੀ ਘਰਾਣੇਦਾਰ ਬੰਦਿਸ਼ਾਂ ਤੋਂ ਇਲਾਵਾ ਆਪਣੀਆਂ ਬੰਦਿਸ਼ਾਂ ਗਾਉਣ ਵਿੱਚ ਹੀ ਸਹਿਜਤਾ ਮਹਿਸੂਸ ਕਰਦੇ ਸਨ ਆਪਜੀ ਨੇ ਬਹੁ-ਗਿਣਤੀ ਵਿੱਚ ਬੰਦਿਸ਼ਾਂ ਦੀ ਰਚਨਾ ਕੀਤੀ ਜਿਵੇਂ :

**ਰਾਗ ਪੂਰੀਆ ਧਨਾਸਰੀ :**

ਸਥਾਈ : ਆਵੋ ਮੋਰੇ ਸਈਆਂ, ਤੁਮ ਬਿਨ ਜੀਅਰਾ ਨਾ ਲਾਗੇ।

ਅੰਤਰਾ : ਜੋ ਤੁਮ ਆਓ ਮੋਰੇ ਅੰਗਨਾ, ਗਰਵਾ ਲਾਗੂ ਦੇਹੂੰ ਬਲਈਆਂ।

ਇਹਨਾਂ ਬੰਦਿਸ਼ਾਂ ਤੋਂ ਇਲਾਵਾ ਟੀ-ਸੀਰੀਜ਼ ਕੰਪਨੀ ਵੱਲੋਂ ਕੱਢੀਆ ਗਈਆਂ ਗੁਰਬਾਣੀ ਕੀਰਤਨ ਦੀਆਂ ਵੱਖ-ਵੱਖ ਕੈਸਟਾਂ ਜਿਵੇਂ: ਗਉੜੀ ਰਾਗ ਸੁੱਲਖਣੀ, ਸ਼ਬਦ ਕੀਰਤਨ, ਸਬਦ ਹਜ਼ਾਰੇ, ਗੁਰੂ ਅੰਗਦ ਬਾਣੀ ਵਿੱਚ ਆਪ ਦੇ ਗਾਇਨ ਸ਼ਬਦ ਸਾਮਿਲ ਹਨ ਸੰਗੀਤ ਉਪਾਸ਼ਕਾਂ ਲਈ ਸੰਗੀਤਕ ਖਜ਼ਾਨਾ ਹਨ ।

**ਪ੍ਰਦਰਸ਼ਨ ਕਰਤਾ ਦੇ ਰੂਪ ਵਿੱਚ:** ਆਪ ਹਰਿਵੱਲਭ ਸੰਗੀਤ ਸੰਮੇਲਨ ਬਸੰਤ ਦਰਬਾਰ, ਜਵੱਦੀ ਕਲਾਂ, ਗੁਰਮਤਿ ਸੰਗੀਤ ਸੰਮੇਲਨ ਅਨੰਦਪੁਰ ਸਾਹਿਬ ਤੋਂ ਇਲਾਵਾ ਦਿੱਲੀ, ਜੰਮੂ, ਲੁਧਿਆਣਾ, ਅੰਮ੍ਰਿਤਸਰ, ਮਲੇਰਕੋਟਲਾ, ਤਰਨਤਾਰਨ ਆਦਿ ਸਥਾਨਾਂ ਉਪਰ 1992 ਤੋਂ 2002 ਤੱਕ ਪ੍ਰਦਰਸ਼ਨ ਕਰਦੇ ਰਹੇ।

**ਸਨਮਾਨ ਅਤੇ ਪ੍ਰਾਪਤੀਆਂ:**

- 1973 ਵਿੱਚ ਅਭਿਨੰਦਨ ਪੱਤਰ ਨਾਲ ਨਵਰੰਗ ਕਲਾ ਸੰਗਮ ਪਟਿਆਲਾ ਨੇ ਸਨਮਾਨਿਤ ਕੀਤਾ।
- 1999 ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵੱਲੋਂ ਫੈਲੋਸ਼ਿਪ ਦੇ ਕੇ ਸਨਮਾਨਿਆ ਗਿਆ।
- 2005 ਵਿੱਚ ਸਾਂਈਂ ਮੋਹਨ ਸੰਗੀਤ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

**ਮਹੱਤਵਪੂਰਨ ਅਹੁਦੇ:**

ਖੇਤਰੀ ਯੁਵਕ ਮੇਲਿਆਂ ਵਿੱਚ ਨਿਰੀਖਿਅਕ ਦੀ ਭੂਮਿਕਾ ਵਿੱਚ ਕਾਰਜ ਕੀਤਾ ਅਤੇ ਆਲ ਇੰਡੀਆ ਰੇਡਿਓ ਜਲੰਧਰ ਆਡੀਸ਼ਨ ਕਮੇਟੀ ਦੇ ਮੈਂਬਰ ਰਹੇ।

ਪੋਸਟ ਗਰੈਜੁਏਟ ਬੋਰਡ ਆਫ ਸਟਡੀਜ਼ ਇਨ ਮਿਊਜ਼ਿਕ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਬਤੌਰ ਚੇਅਰਮੈਨ ਕਾਰਜ ਕੀਤਾ। ਇਸ ਤੋਂ ਬਿਨਾ ਯੂਨੀਵਰਸਿਟੀ ਦੇ ਹੋਰ ਅਦਾਰਿਆ ਵਿੱਚ ਮੈਂਬਰ ਦੇ ਤੌਰ ਉਪਰ ਕਾਰਜ ਕੀਤਾ। ਆਪ ਜੀ ਕਿਹਾ ਕਰਦੇ ਸਨ ਸੰਗੀਤ ਤਾਂ ਘਰ-ਘਰ ਵਿੱਚ ਫੈਲ ਰਿਹਾ ਹੈ। ਸ਼ਾਸ਼ਤਰੀ ਸੰਗੀਤ ਦਾ ਪ੍ਰਚਾਰ ਵੀ ਹੋ ਰਿਹਾ ਹੈ। ਪ੍ਰੰਤੂ ਭਵਿੱਖ ਵਿੱਚ ਕਲਾ ਪਿੱਛੇ ਜਾ ਰਹੀ ਹੈ। ਸਿਰਫ ਪਬਲੀਸਿਟੀ ਹੈ ਕਲਾ ਨਜ਼ਰ ਨਹੀਂ ਆਉਂਦੀ। ਸੰਗੀਤ ਗੁਰੂ ਮੁੱਖ ਤੋਂ ਹੀ ਸਿਖਿਆ ਜਾ ਸਕਦਾ ਹੈ ਆਧੁਨਿਕ ਯੁੱਗ ਵਿੱਚ ਸੰਗੀਤ ਸਿਖਿਆ ਦਾ ਮਹੱਤਵ ਸਿਰਫ ਡਿਗਰੀਆਂ ਦੇਣਾ ਹੈ ਕਲਾਕਾਰ ਬਣਾਉਣਾ ਨਹੀ ।

ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਮੌਜੂਦਾ ਸਮੇਂ ਵਿੱਚ ਪਟਿਆਲਾ ਦੇ ਸੰਗੀਤ ਸਿਖਾਂਦਰੂਆਂ ਲਈ ਇੱਕ ਥਮ ਦਾ ਕਾਰਜ ਕਰਦੇ ਸਨ। ਅਕਤੂਬਰ 2008 ਨੂੰ ਆਪ ਸੰਗੀਤ ਜਗਤ ਨੂੰ ਅਲਵਿਦਾ ਕਹਿ ਗਏ।ਆਪ ਦੇ ਇਸ ਫਾਨੀ ਸੰਸਾਰ ਕੂਚ ਕਰਨ ਨਾਲ ਸੰਗੀਤ ਜਗਤ ਨੂੰ ਅਤੇ ਵਿਸ਼ੇਸ਼ ਕਰਕੇ ਪਟਿਆਲੇ ਦੇ ਸੰਗੀਤ ਪ੍ਰੇਮੀਆਂ ਨੂੰ ਬਹੁਤ ਘਾਟਾ ਪਿਆ ਹੈ । ਆਪ ਦੇ ਗ੍ਰਹਿ ਵਿਖੇ ਸੰਗੀਤ ਸਿੱਖਣ ਵਾਲਿਆ ਦਾ ਤਾਂਤਾ ਲੱਗਿਆ ਰਹਿੰਦਾ ਸੀ। ਵਿਦਿਆਰਥੀਆਂ ਨੂੰ ਸਿਖਾਉਣ ਲੱਗੇ ਆਪ ਨੇ ਸਮੇਂ ਦੀ ਕਦੇ ਪ੍ਰਵਾਹ ਨਹੀਂ ਕੀਤੀ । ਕਈ ਘੰਟੇ ਲਗਾਤਾਰ ਬੈਠ ਕੇ ਆਪ ਤਾਲੀਮ ਦਿੰਦੇ ਰਹਿੰਦੇ ਸਨ। ਸੰਗੀਤ ਦੇ ਸਿਖਿਅਕਾ, ਅਧਿਆਪਕਾਂ ਤੋਂ ਲੈ ਕੇ ਹਰ ਉਮਰ ਦੇ ਵਿਦਿਆਰਥੀਆਂ ਨੂੰ ਜਦੋਂ ਵੀ ਲੋੜ ਮਹਿਸੂਸ ਹੁੰਦੀ, ਆਪ ਦੇ ਦਰ ਤੇ ਹਾਜਰ ਹੋ ਜਾਂਦੇ।

**ਸੰਗੀਤ ਲੈਕਚਰਾਰ, 9915103008**


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਹਿੰਦੀ ਫ਼ਿਲਮ ਸਨਅਤ ਦੇ ਗ਼ਜ਼ਲ ਸਮਰਾਟ 'ਮਦਨ ਮੋਹਨ ਕੋਹਲੀ'

ਅਮਰਿੰਦਰ ਸਿੰਘ

"ਅਗਰ ਆਪ ਅਪਨੀ ਏਕ ਧੁਨ ਮੇਰੇ ਨਾਮ ਕਰ ਦੇਂ ਤੋ ਬਦਲੇ ਮੇ ਮੈਂ ਅਪਨਾ ਸਾਰਾ ਸੰਗੀਤ ਹੀ ਆਪਕੇ ਨਾਮ ਕਰਨੇ ਕੋ ਤਯਾਰ ਹੂੰ " ਇਹ ਸ਼ਬਦ ਸਨ ਮਸ਼ਹੂਰ ਸੰਗੀਤਕਾਰ ਨੌਸ਼ਾਦ ਸਾਹਬ ਦੇ। ਦਰਅਸਲ ਨੌਸ਼ਾਦ ਸਾਹਬ, ਸੰਗੀਤਕਾਰ ਮਦਨ ਮੋਹਨ ਦੇ ਸੁਰ-ਬੱਧ ਕੀਤੇ 'ਆਪਕੀ ਨਜ਼ਰੋਂ ਨੇ ਸਮਝਾ ਪਿਆਰ ਕੇ ਕਾਬਿਲ ਮੁਝੇ' ਗੀਤ ਦੇ ਇਸ ਕਦਰ ਕਾਇਲ ਹੋ ਗਏ ਸਨ ਕਿ ਇਸ ਗੀਤ ਬਦਲੇ ਆਪਣਾ ਸਾਰਾ ਸੰਗੀਤ ਹੀ ਮਦਨ ਮੋਹਨ ਦੇ ਨਾਮ ਕਰਨ ਨੂੰ ਤਿਆਰ ਸਨ। ਦੇਖਿਆ ਜਾਏ ਤਾਂ ਮਦਨ ਮੋਹਨ ਦੇ ਰਚੇ ਗ਼ਜ਼ਲਨੁਮਾਂ ਗੀਤ ਰੂਹ ਦੀ ਖ਼ੁਰਾਕ ਹਨ, ਜਿਸ ਦਾ ਹੁਣ ਤੱਕ ਕੋਈ ਸਾਨੀ ਨਹੀਂ ਹੈ। ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿਚ ਵੀ ਇਹਨਾਂ ਦੇ ਗੀਤਾਂ ਨੂੰ ਸੁਣ ਕੇ ਇਕ ਸਕੂਨ ਮਿਲਦਾ ਹੈ। ਇਸ ਪੰਜਾਬੀ ਫ਼ੌਜੀ ਸੰਗੀਤਕਾਰ ਨੇ ਐਸੀਆਂ-ਐਸੀਆਂ ਧੁਨਾਂ ਰਚ ਦਿੱਤੀਆਂ ਹਨ, ਜੋ ਅੱਜ ਵੀ ਦਿਲ ਟੁੰਬਦੀਆਂ ਹਨ। 50-60 ਦਾ ਦਹਾਕਾ ਹਿੰਦੀ ਫ਼ਿਲਮ-ਸੰਗੀਤ ਦਾ ਸੁਨਿਹਰੀ ਯੁੱਗ ਮੰਨਿਆ ਜਾਂਦਾ ਹੈ। ਇਸ ਯੁੱਗ ਨੂੰ ਸੁਨਿਹਰੀ ਬਣਾਉਣ ਵਿਚ ਮਦਨ ਮੋਹਨ ਦੇ ਗੀਤਾਂ ਦੀ ਅਹਿਮ ਭੂਮਿਕਾ ਰਹੀ ਹੈ। ਮਦਨ ਮੋਹਨ ਦੀ ਗ਼ਜ਼ਲ-ਸ਼ੈਲੀ ਪ੍ਰਤੀ ਸੰਜੀਦਗੀ ਅਤੇ ਪ੍ਰਤੀਬੱਧਤਾ ਕਰਕੇ ਹੀ ਲਤਾ ਮੰਗੇਸ਼ਕਰ ਇਹਨਾਂ ਨੂੰ 'ਗ਼ਜ਼ਲ ਸਮਰਾਟ' ਕਹਿ ਕੇ ਬੁਲਾਉਂਦੀ ਹੁੰਦੀ ਸੀ। ਮਦਨ ਮੋਹਨ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਕਿਸੇ ਹੋਰ ਸੰਗੀਤਕਾਰ ਨੇ ਇਸ ਸ਼ੈਲੀ ਵਿਸ਼ੇਸ਼ ਪ੍ਰਤੀ ਐਨਾ ਰੁਝਾਨ ਨਹੀਂ ਦਿਖਾਇਆ।

ਮਦਨ ਮੋਹਨ ਦਾ ਜਨਮ 25 ਜੂਨ, 1924 ਨੂੰ ਬਗਦਾਦ (ਈਰਾਕ) ਵਿਚ ਹੋਇਆ। ਇਹਨਾਂ ਦੇ ਪਿਤਾ ਦਾ ਨਾਮ ਰਾਏ ਬਹਾਦਰ ਚੁੰਨੀਲਾਲ ਕੋਹਲੀ ਸੀ, ਜੋ ਈਰਾਕ ਵਿਚ ਪੁਲਿਸ-ਮਹਿਕਮੇ ਵਿਚ ਜਨਰਲ ਅਕਾਊਂਟੈਂਟ ਦੇ ਅਹੁਦੇ ਉੱਤੇ ਨਿਯੁਕਤ ਸਨ। ਸਮਾਂ ਪੈਣ ਤੇ ਈਰਾਕ ਨੂੰ ਬ੍ਰਿਟਿਸ਼ ਸ਼ਾਸਨ ਤੋਂ ਅਜ਼ਾਦੀ ਮਿਲ ਗਈ ਅਤੇ ਉਥੇ ਈਰਾਕੀ ਸੰਵਿਧਾਨ ਲਾਗੂਹੋ ਗਿਆ। ਇਸ ਸਮੇਂ ਦੌਰਾਨ ਹੀ ਰਾਏ ਬਹਾਦਰ ਚੁੰਨੀਲਾਲ ਈਰਾਕ ਛੱਡ ਕੇ ਆਪਣੇ ਪਰਿਵਾਰ ਸਮੇਤ ਅਣਵੰਡੇ ਪੰਜਾਬ ਦੇ ਚਕਵਾਲ ਸ਼ਹਿਰ ਵਿਚ ਆ ਵਸੇ।

ਮਦਨ ਮੋਹਨ ਨੂੰ ਸੰਗੀਤ ਪ੍ਰਤੀ ਲਗਨ ਬਚਪਨ ਤੋਂ ਹੀ ਸੀ। ਜਦੋ ਇਹ ਕੇਵਲ ਸੱਤ

ਵਰ੍ਹਿਆਂ ਦੇ ਹੀ ਸਨ, ਉਦੋਂ ਤੋਂ ਹੀ ਬੱਚਿਆਂ ਦੇ ਪ੍ਰੋਗਰਾਮ ਵਿਚ ਗਾਉਣ ਲੱਗ ਪਏ ਸਨ। ਸੰਗੀਤ ਦੀ ਮੁਢਲੀ ਤਾਲਿਮ ਇਹਨਾਂ ਨੇ ਚਕਵਾਲ ਵਿਖੇ ਹੀ ਸ. ਕਰਤਾਰ ਸਿੰਘ ਪਾਸੋਂ ਲਈ। ਮਦਨ ਮੋਹਨ ਦੇ ਪਿਤਾ ਜੀ ਨੂੰ ਚਕਵਾਲ ਸਹਿਰ ਵਿਚ ਮਦਨ ਲਈ ਸਿੱਖਿਆ ਅਤੇ ਹੋਰ ਤਕਨੀਕਾਂ ਦੀ ਘਾਟ ਮਹਿਸੂਸ ਹੋਈ। ਇਸ ਕਾਰਨ ਇਹਨਾਂ ਦਾ ਪਰਿਵਾਰ ਇਹ ਸ਼ਹਿਰ ਛੱਡ ਕੇ ਬੰਬਈ ਜਾ ਵਸਿਆ। ਬੰਬਈ ਆ ਕੇ ਰਾਏ ਬਹਾਦਰ ਚੁਨੀਲਾਲ ਨੇ ਬੌਂਬੇ ਟਾਕੀਜ਼ੋ ਵਿਚ ਜਨਰਲ ਮੈਨੇਜਰ ਦੇ ਅਹੁਦੇ ਤੇ ਕੰਮ ਕਰਨਾ ਆਰੰਭ ਕਰ ਦਿੱਤਾ। ਮਦਨ ਮੋਹਨ ਨੇ ਬੰਬਈ ਦੇ ਹੀ ਸੇਂਟ ਮੈਰੀ ਹਾਈ ਸਕੂਲ ਤੋਂ ਸੀਨੀਅਰ ਕੈਂਬ੍ਰਿਜ ਦੀ ਪ੍ਰਖਿਆ ਪਾਸ ਕਰਨ ਉਪਰੰਤ ਦੇਹਰਾਦੂਨ ਦੇ ਕੋਲਨਲ ਬ੍ਰਾਉਨ ਮਿਲਟਰੀ ਹਾਈ ਸਕੂਲ ਵਿਚ ਦਾਖਲਾ ਲਿਆ। ਆਪਣੀ ਪੜਾਈ ਪੂਰੀ ਕਰਨ ਤੋਂ ਬਾਅਦ ਇਹ 1943 ਵਿਚ ਭਾਰਤੀ ਸੈਨਾ ਵਿਚ ਭਰਤੀ ਹੋ ਗਏ। ਚਾਹੇ ਅਜੇ ਮਦਨ ਮੋਹਨ ਫ਼ਿਲਮ-ਸੰਗੀਤ ਦੇ ਖੇਤਰ ਤੋਂ ਕੋਸਾਂ ਦੂਰ ਸਨ ਪਰ ਸੈਨਾ ਵਿਚ ਵੀ ਇਹ ਸੰਗੀਤ ਦੇ ਛੋਟੇ-ਮੋਟੇ ਪ੍ਰੋਗਰਾਮ ਕਰਦੇ ਰਹਿੰਦੇ ਸਨ। ਸੈਨਾ ਵਿਚ ਰਹਿ ਕੇ ਇਹਨਾਂ ਨੇ ਸਹਿਜਤਾ ਅਤੇ ਇਕਾਗਰਤਾ ਆਦਿ ਗੁਣ ਧਾਰਨ ਕੀਤੇ ਜੋ ਇਹਨਾਂ ਦੇ ਸੰਗੀਤ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। 1945 ਵਿਚ ਦੂਸਰਾ ਵਿਸ਼ਵ ਯੁੱਧ ਸਮਾਪਤ ਹੋਣ ਤੋਂ ਬਾਅਦ ਇਹਨਾਂ ਨੇ ਸੈਨਾ ਦੀ ਨੌਕਰੀ ਛੱਡ ਦਿੱਤੀ। ਇਥੇ ਹੀ ਬਸ ਨਹੀਂ ਸੈਨਾ ਦੀ ਨੌਕਰੀ ਛੱਡ ਦੇਣ ਤੋਂ ਬਾਅਦ ਮਦਨ ਮੋਹਨ ਨੇ ਆਲ ਇੰਡੀਆ ਰੇਡਿਓ, ਲਖਨਾਊਵਿਚ ਸਹਾਇਕ ਪ੍ਰੋਗਰਾਮਰ ਦੇ ਅਹੁਦੇ ਤੇ ਕੰਮ ਕਰਨਾ ਆਰੰਭ ਕਰ ਦਿੱਤੀ। ਇਸ ਸਮੇਂ ਦੌਰਾਨ ਮਦਨ ਮੋਹਨ ਸੰਗੀਤ ਦੇ ਦਿਗਜਾਂ ਜਿਵੇਂ ਉਸਤਾਦ ਫ਼ਿਆਜ਼ ਖ਼ਾਂ, ਉਸਤਾਦ ਅਲੀ ਅਕਬਰ, ਬੇਗ਼ਮ ਅਖ਼ਤਰ ਅਤੇ ਤਲਤ ਮਹਿਮੂਦ ਆਦਿ ਦੇ ਸੰਪਰਕ ਵਿਚ ਰਹੇ। ਇਹਨਾਂ ਸ਼ਖ਼ਸੀਅਤਾਂ ਦੀ ਸੰਗਤ ਵਿਚ  ਮਦਨ ਮੋਹਨ ਦੀ ਸੰਗੀਤ ਪ੍ਰਤੀ ਸਮਝ ਹੋਰ ਪਰਿਪੱਕ ਹੁੰਦੀ ਗਈ। ਇਸ ਸਮੇਂ ਦੌਰਾਨ ਮਦਨ ਮੋਹਨ ਨੇ ਆਪਣੇ ਦੋਸਤ-ਮਿੱਤਰਾਂ ਦੀ ਫ਼ਰਮਾਇਸ਼ 'ਤੇ ਰਚਨਾਵਾਂ ਨੂੰ ਸੁਰ-ਬੁੱਧ ਕਰਨਾਂ ਵੀ ਆਰੰਭ ਕਰ ਦਿੱਤਾ। ਇਥੋਂ ਹੀ ਇਹਨਾਂ ਦੇ ਫ਼ਿਲਮੀ ਸਫ਼ਰ ਦਾ ਮੁੱਢ ਬੱਝਣਾਂ ਸ਼ੁਰੂਹੋ ਗਿਆ ਸੀ।

ਮਦਨ ਮੋਹਨ ਨੇ 1948 ਵਿਚ ਹਿੰਦੀ ਫ਼ਿਲਮ ਇੰਡਸਟਰੀ ਵਿਚ ਪਰਵੇਸ਼ ਕੀਤਾ। ਚਾਹੇ ਮਦਨ ਦੇ ਪਿਤਾ ਜੀ ਇਸ ਫ਼ਿਲਮ ਇੰਡਸਟਰੀ ਵਿਚ ਇਕ ਸਥਾਪਤ ਵਿਅਕਤੀ ਸਨ ਪਰ ਮਦਨ ਮੋਹਨ ਨੇ ਕਦੇ ਵੀ ਆਪਣੇ ਪਿਤਾ ਦੇ ਨਾਂ ਦਾ ਸਹਾਰਾ ਨਹੀਂ ਲਿਆ ਸਗੋਂ ਆਪ ਸੰਘਰਸ਼ ਕੀਤਾ। ਸੰਗੀਤਕਾਰ ਮਾਸਟਰ ਗ਼ੁਲਾਮ ਹੈਦਰ ਨੇ ਸ਼ਹੀਦ (1948) ਫ਼ਿਲਮ ਲਈ ਲਤਾ ਮੰਗੇਸ਼ਕਰ ਅਤੇ ਮਦਨ ਮੋਹਨ ਤੋਂ ਇਕ ਗੀਤ ਰਿਕਾਰਡ ਕਰਵਾਇਆ ਜੋ ਮਦਨ ਮੋਹਨ ਦਾ ਪਹਿਲਾ ਗੀਤ ਸੀ। ਜਦੋਂ ਇਹ ਗੀਤ ਫ਼ਿਲਮ ਦੇ ਨਿਰਮਾਤਾ ਮੁਖਰਜੀ ਸਾਹਬ ਨੂੰ

ਸੁਣਾਇਆ ਗਿਆ ਤਾਂ ਉਹਨਾਂ ਨੇ ਲਤਾ ਦੇ ਨਾਲ-ਨਾਲ ਮਦਨ ਮੋਹਨ ਦੀ ਅਵਾਜ਼ ਨੂੰ ਵੀ ਨਾ ਪਸੰਦ ਕਰ ਦਿੱਤਾ। ਇਸ ਕਾਰਨ ਇਹ ਗੀਤ ਇਸ ਫ਼ਿਲਮ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਮਦਨ ਮੋਹਨ ਨੇ ਇਥੇ ਹੀ ਹਾਰ ਨਹੀਂ ਮੰਨੀ ਸਗੋਂ ਇਕ ਸੰਗੀਤਕਾਰ ਵਜੋਂ ਆਪਣੀ ਪਛਾਣ ਬਣਾਉਣ ਲਈ ਐਸ.ਡੀ. ਬਰਮਨ ਅਤੇ ਸ਼ਿਆਮ ਸੁੰਦਰ ਦੇ ਨਾਲ ਸਹਾਇਕ ਵਜੋਂ ਕੰਮ ਕਰਨ ਲੱਗੇ। ਮਦਨ ਮੋਹਨ ਸੰਗੀਤਕਾਰ ਐਸ.ਡੀ. ਬਰਮਨ ਨੂੰ ਆਪਣਾ ਗੁਰੂ ਵੀ ਮੰਨਦੇ ਸਨ।

ਮਦਨ ਮੋਹਨ ਨੇ 1950 ਵਿਚ ਇਕ ਸੁਤੰਤਰ ਸੰਗੀਤਕਾਰ ਵਜੋਂ 'ਆਖੇਂ' ਫ਼ਿਲਮ ਦਾ ਸੰਗੀਤ ਤਿਆਰ ਕੀਤਾ। ਇਸ ਫ਼ਿਲਮ ਦੇ ਸੰਗੀਤ ਨੇ ਮਦਨ ਮੋਹਨ ਦੀ ਸ਼ੈਲੀ ਦਾ ਮੁੱਢ ਤਾਂ ਨਹੀਂ ਬੰਨ੍ਹਿਆ ਪਰ ਇਹ ਅੱਛੀ ਸ਼ੁਰੂਆਤ ਰਹੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜਿਸ ਵੇਲੇ ਸ਼ਹੀਦ ਫ਼ਿਲਮ ਲਈ ਲਤਾ ਅਤੇ ਮਦਨ ਮੋਹਨ ਨੇ ਦੋਗਾਣਾ ਰਿਕਾਰਡ ਕੀਤਾ ਸੀ ਤਾਂ ਉਦੋਂ ਹੀ ਮਦਨ ਮੋਹਨ ਨੇ ਲਤਾ ਮੰਗੇਸ਼ਕਰ ਨੂੰ ਆਪਣੀ ਭੈਣ ਦਾ ਦਰਜਾ ਦਿੰਦੇ ਹੋਏ ਕਿਹਾ ਕਿ ਮੈਂ ਜਲਦ ਹੀ ਸੰਗੀਤ-ਨਿਰਦੇਸ਼ਨ ਵੀ ਸ਼ੁਰੂ ਕਰਨ ਜਾ ਰਿਹਾ ਹਾਂ ਅਤੇ ਤੁਸੀ ਮੇਰੇ ਨਿਰਦੇਸ਼ਨ ਵਿਚ ਜ਼ਰੂਰ ਗਾਉਣਾ। ਲਤਾ ਮੰਗੇਸ਼ਕਰ ਮੁਤਾਬਿਕ 'ਮਦਨ ਭਈਆ' ਨੂੰ ਆਖੇਂ (1950) ਫ਼ਿਲਮ ਦਾ ਸੰਗੀਤ ਤਿਆਰ ਕਰਨ ਲਈ ਚੁਣਿਆ ਗਿਆ। ਮੈਨੂੰ ਨਹੀਂ ਪਤਾ ਕਿਉਂ, ਪਰ ਮੈਂ ਉਸ ਨੂੰ ਸਾਫ ਕਹਿ ਦਿੱਤਾ ਕਿ ਮੈਂ ਉਸ ਦੀ ਇਸ ਫ਼ਿਲਮ ਲਈ ਕੋਈ ਵੀ ਗੀਤ ਨਹੀਂ ਗਾਵਾਂਗੀ। ਮੈਂ ਇਹ ਸਭ ਕੁਝ ਉਸ ਦੀ ਕਿਸੇ ਧੁਨ ਨੂੰ ਸੁਣੇ ਬਿਨ੍ਹਾਂ ਹੀ ਕਹਿ ਦਿੱਤਾ ਸੀ"। ਬਾਅਦ ਵਿਚ ਆਖੇਂ ਫ਼ਿਲਮ ਦੇ ਸੰਗੀਤ ਨੂੰ ਸੁਣ ਕੇ ਲਤਾ ਮੰਗੇਸ਼ਕਰ ਬਹੁਤ ਪ੍ਰਭਾਵਿਤ ਹੋਈ। ਜਦੋਂ ਲਤਾ ਮੰਗੇਸ਼ਕਰ ਨੇ ਮਦਨ ਮੋਹਨ ਲਈ ਗਾਉਂਣਾ ਸ਼ੁਰੂ ਕੀਤਾ ਤਾਂ ਇਸ ਭੈਣ-ਭਰਾ ਦੀ ਜੋੜੀ ਨੇ ਨਵੇਂ ਮੀਲ ਪੱਥਰ ਸਥਾਪਤ ਕੀਤੇ।

ਮਦਨ ਮੋਹਨ ਨੇ ਮੁਹੰਮਦ ਰਫ਼ੀ, ਮੁਕੇਸ਼ ਕੁਮਾਰ, ਮੰਨਾ ਡੇ, ਸ਼ਮਸ਼ਾਦ ਬੇਗ਼ਮ, ਗੀਤਾ ਦੱਤ, ਅਤੇ ਆਸ਼ਾ ਭੌਂਸਲੇ ਆਦਿ ਗਾਇਕਾਂ ਨੂੰ ਗਵਾਇਆ ਪਰ ਜੋ ਗੀਤ ਲਤਾ ਮੰਗੇਸ਼ਕਰ ਨੇ ਗਾਏ ਉਹ ਵੀ ਇਕ ਮਿਸਾਲ ਕਾਇਮ ਕਰਦੇ ਹਨ। ਲਤਾ ਦੇ ਗਾਏ 'ਕਹੀਂ ਯੇ ਵੋ ਤੋ ਨਹੀਂ', 'ਮੇਰਾ ਸਾਇਆ', 'ਤੇਰੀ ਆਂਖੋਂ ਕੇ ਸਿਵਾ', 'ਬਈਆਂ ਨਾ ਧਰੋਂ', 'ਰਸਮੇਂ ਉਲਫਤ ਕੋ ਨਿਭਾਏ ਤੋ ਨਿਭਾਏ ਕੈਸੇ', 'ਦੋ ਦਿਲ ਟੂਟੇ ਦੋ ਦਿਲ ਹਾਰੇ', 'ਹੈ ਤੇਰੇ ਸਾਥ ਮੇਰੀ ਵਫ਼ਾ ਮੈਂ ਨਹੀਂ ਤੋ ਕਿਆ', 'ਨੈਨੋਂ ਮੇਂ ਬਦਰਾ ਛਾਏ', 'ਅਗਰ ਮੁਝਸੇ ਮੁਹੱਬਤ ਹੈ ਮੁਝੇ ਸਭ ਅਪਨੇ ਗ਼ਮ ਦੇ ਦੋ ਅਤੇ 'ਆਜ ਸੋਚਾ ਤੋ ਆਂਸੂ ਭਰ ਆਏ' ਆਦਿ ਗੀਤ ਗ਼ਜ਼ਲ-ਸ਼ੈਲੀ ਦੀ ਪ੍ਰੋੜ੍ਹਤਾ ਕਰਦੇ ਹਨ। ਇਹਨਾਂ ਗੀਤਾਂ ਨੂੰ ਸੁਣ ਕੇ ਇਹ ਲਗਦਾ ਹੈ ਕਿ ਜਿਵੇਂ ਮਦਨ ਦੀਆਂ ਧੁਨਾਂ ਲਤਾ ਲਈ ਬਣੀਆਂ ਸਨ ਜਾਂ ਲਤਾ ਦੀ ਅਵਾਜ਼ ਮਦਨ ਦੀਆਂ

ਧੁਨਾਂ ਨੂੰ ਗਾਉਣ ਲਈ ਬਣੀ ਹੈ। ਸ਼ਾਇਦ ਇਸੇ ਕਾਰਨ ਹੀ 29 ਵਰ੍ਹੇ ਬਾਅਦ ਵੀ ਜਦੋਂ 'ਵੀਰ ਜ਼ਾਰਾ' (2004) ਫ਼ਿਲਮ ਲਈ ਮਦਨ ਮੋਹਨ ਦੀਆਂ ਧੁਨਾਂ ਵਰਤੀਆਂ ਗਈਆ ਤਾਂ ਇਹਨਾਂ ਧੁਨਾਂ ਲਈ ਇਕ ਵਾਰ ਫੇਰ ਲਤਾ ਮੰਗੇਸ਼ਕਰ ਦੀ ਅਵਾਜ਼ ਨੂੰ ਹੀ ਚੁਣਿਆ ਗਿਆ। ਖ਼ਯਾਮ ਸਾਹਬ ਇਹ ਗੱਲ ਲਤਾ ਮੰਗੇਸ਼ਕਰ ਨੂੰ ਕਹਿੰਦੇ ਹੁੰਦੇ ਸਨ ਕਿ "ਅਸੀ ਸਭ (ਸੰਗੀਤਕਾਰ) ਕਦੀ-ਕਦੀ ਹੈਰਾਨ ਹੁੰਦੇ ਹਾਂ, ਕਿ ਤੁਸੀ ਮਦਨ ਮੋਹਨ ਦੀਆਂ ਧੁਨਾਂ ਐਨੀਆਂ ਮਧੁਰਤਾ ਨਾਲ ਕਿਵੇਂ ਗਾ ਦਿੰਦੇ ਹੋ" ?

ਮਦਨ ਮੋਹਨ ਨੇ ਆਪਣੇ ਢਾਈ ਦਹਾਕਿਆਂ ਦੇ ਫ਼ਿਲਮੀ ਸਫ਼ਰ ਵਿਚ ਗ਼ਜ਼ਲ ਸ਼ੈਲੀ ਦੀ ਨੁਹਾਰ ਨੂੰ ਜਿਸ ਖ਼ੂਬਸੂਰਤੀ ਨਾਲ ਵਰਤਿਆ ਹੈ ਉਹ ਬਾਕਮਾਲ ਹੈ। ਗ਼ਜ਼ਲ ਵਿਚਲੀ ਸੁਹਜ, ਰਵਾਨਗੀ ਅਤੇ ਅਦਬ ਨੂੰ ਫ਼ਿਲਮੀ ਗੀਤਾਂ ਵਿਚਲੀਆਂ ਪਰਸਥਿਤੀਆਂ ਵਿਚ ਗੁੰਦਣ ਦਾ ਜੋ ਕੰਮ ਮਦਨ ਮੋਹਨ ਐਨੇ ਸੁਹਜ ਭਰਭੂਰ ਤਰੀਕੇ ਨਾਲ ਕਰ ਗਏ ਉਹ ਹੁਣ ਤੱਕ ਸ਼ਾਇਦ ਹੀ ਹੋਰ ਕੋਈ ਕਰ ਸਕਿਆ ਹੈ। ਮਦਨ ਮੋਹਨ ਦੇ ਗੀਤਾਂ ਨੂੰ ਸੁਣ ਕੇ ਇਹ ਕਦੀ ਮਹਿਸੂਸ ਹੀ ਨਹੀਂ ਹੁੰਦਾ ਕਿ ਇਹਨਾਂ ਨੇ ਕਈ ਗੀਤਾਂ ਦੀ ਧੁਨ ਜਿਵੇਂ 'ਕਦਰ ਜਾਨੇ ਨਾ ਮੋਰਾ ਬਾਲਮ ਬੇਦਰਦੀ' ਅਤੇ 'ਆਪਕੀ ਨਜ਼ਰੋਂ ਨੇ ਸਮਝਾ ਪਿਆਰ ਕੇ ਕਾਬਿਲ ਮੁਝੇ' ਲਿਫ਼ਟ ਵਿਚ ਆਉਂਦੇ-ਜਾਂਦੇ ਹੀ ਤਿਆਰ ਕੀਤੀ ਹੋਵੇਗੀ। ਆਪ-ਮੁਹਾਰੇ ਆਈਆਂ ਇਹ ਧੁਨਾਂ ਐਨੀਆਂ ਸੁਮਧੁਰ ਅਤੇ ਪਕਿਪੱਕ ਹਨ ਕਿ ਇਹਨਾਂ ਤੋਂ ਸਹਿਜੇ ਹੀ ਮਦਨ ਮੋਹਨ ਦੀ ਪ੍ਰਤਿਭਾ ਅਤੇ ਕਲਪਨਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਮਦਨ ਮੋਹਨ ਨੂੰ ਮਿਲੇ ਮਾਨ-ਸਨਮਾਨ ਦੀ ਗੱਲ ਕਰੀਏ ਤਾਂ ਇਹਨਾਂ ਨੂੰ ਅਨਪੜ੍ਹੋ (1962) ਫ਼ਿਲਮ ਦੇ ਸੰਗੀਤ ਲਈ 'ਆਂਧਰਾ ਪ੍ਰਦੇਸ ਫ਼ਿਲਮ ਜਰਨਲਿਸਟ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਦੀ ਸੁਰ-ਬੱਧ ਕੀਤੀ 'ਦਸਤਕ' (1970) ਫ਼ਿਲਮ ਲਈ ਇਹਨਾਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਨਵਾਜਿਆ ਗਿਆ। 1973 ਵਿਚ ਫ਼ਿਲਮ 'ਦਿਲ ਕੀ ਰਾਹੇ' ਲਈ ਮਦਨ ਮੋਹਨ ਨੂੰ' 'ਉੱਤਰ ਪ੍ਰਦੇਸ ਫ਼ਿਲਮ ਜਰਨਲਿਸਟ' ਅਤੇ ਹੋਰ ਕਈ ਐਵਾਰਡ ਮਿਲੇ । ਆਪਣੇ ਅੰਤਲੇ ਸਮੇਂ ਵਿਚ ਮਦਨ ਮੋਹਨ ਸ਼ਰਾਬ ਦੇ ਬੇਹੱਦ ਆਦੀ ਹੋ ਗਏ ਸਨ। 14 ਜੁਲਾਈ, 1975 ਨੂੰ ਗ਼ਜ਼ਲਾਂ ਦਾ ਇਹ ਸਮਰਾਟ ਸਦਾ ਲਈ ਸੰਗੀਤ ਜਗਤ ਨੂੰ ਅਲਵਿਦਾ ਕਹਿ ਗਿਆ। ਜੇਕਰ ਇਹ ਕਿਹਾ ਜਾਵੇ ਕਿ ਮਦਨ ਮੋਹਨ ਦੇ ਨਾਲ ਹੀ ਹਿੰਦੀ ਫ਼ਿਲਮਾਂ ਵਿਚ ਗ਼ਜ਼ਲਨੁਮਾ ਗੀਤਾਂ ਦਾ ਉਹ ਦੌਰ ਸਮਾਪਤ ਹੋ ਗਿਆ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ।

ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋਬਾਈਲ : 988811458

# ਸਿਰਮੌਰ ਕੀਰਤਨੀਏ - ਭਾਈ ਸੰਤੋਖ ਸਿੰਘ ਜੀ

## ਕਰਮ ਸਿੰਘ ਰਤਨ

ਰਾਗੀਆਂ 'ਚੋਂ ਰਾਗੀ ਸੀਗਾ ਭਾਈ ਸੰਤੋਖ ਸਿੰਘ

ਜੋ ਰਾਗੀ ਤੇ ਸੰਗੀਤਕਾਰ, ਸਭ ਨੂੰ ਹੀ ਭਾਂਵਦੇ।

ਉਪਰ ਵਾਲੀ ਪੰਗਤੀ ਮੈਂ ਉਸ ਕਵਿਤਾ ਵਿਚ ਲਿਖੀ ਸੀ, ਜਿਸ ਦਾ ਨਾਮ ਸੀ (ਰਾਗੀ ਰਤਨ) ਇਸ ਕਵਿਤਾ ਵਿਚ ਪੁਰਾਣੇ ਅਤੇ ਨਵੇਂ ਮਸ਼ਹੂਰ ਤੇ ਮਹਾਨ ਰਾਗੀਆਂ ਦੇ ਹੀ ਨਾਮ ਹਨ ਅਤੇ ਇਹ ਕਵਿਤਾ ਅਪ੍ਰੈਲ 2003 ਦੇ ਅੰਮ੍ਰਿਤ ਕੀਰਤਨ ਵਿਚ ਛਪ ਚੁੱਕੀ ਹੈ।

ਡਾਕਟਰ ਜਾਗੀਰ ਸਿੰਘ ਜੀ ਨੇ ਸੰਨ 2004 ਦੇ ਅੰਕ ਵਿਚ ਅੰਮ੍ਰਿਤ ਕੀਰਤਨ ਵਿਚ ਜੋ ਆਰਟੀਕਲ ਭਾਈ ਸੰਤੋਖ ਸਿੰਘ ਜੀ ਦੇ ਸੰਬੰਧ ਵਿਚ ਲਿਖਿਆ ਹੈ, ਉਸ ਵਿਚ ਡਾਕਟਰ ਸਾਹਿਬ ਨੇ ਭਾਈ ਸੰਤੋਖ ਸਿੰਘ ਜੀ ਨੂੰ (ਨਿਪੁੰਨ ਰਾਗੀ) ਕਹਿ ਕੇ ਸਨਮਾਨਿਆ ਹੈ ਇਹ ਗੱਲ ਬਿਲਕੁਲ ਸੱਚ ਹੈ। ਭਾਈ ਸੰਤੋਖ ਸਿੰਘ ਵਰਗਾ ਰਾਗੀ ਕੋਈ ਨਹੀਂ ਹੋਇਆ। ਇਹ ਇਤਿਹਾਸ ਦਾ ਇਕ ਮੀਲ ਪੱਥਰ ਹੈ। ਨਿਪੁੰਨ ਦਾ ਮਤਲਬ ਹੁੰਦਾ ਹੈ, ਹਰ ਪੱਖ ਤੋਂ ਪੂਰਨ, ਜਿਹਦੇ ਵਿਚ ਇਹ ਖੂਬੀਆਂ ਹੋਣ 'ਸੁਰੀਲਤਾ' ਰਾਗਦਾਰੀ, ਦੀ ਸਮਝ, ਰਾਗ ਦੀ ਥੀਉਰੀ ਦੀ ਸਮਝ, ਸ਼ਬਦ ਦੀ ਸਪਸ਼ਟਤਾ ਅਤੇ ਸ਼ਬਦਾਂ ਦੇ ਪ੍ਰਮਾਣ ਦੇਣ ਦੀ ਸਹੀ ਸਮਝ ਤੇ ਸਮਰਥਾ, ਤੇ ਬਾਣੀ ਵੀ ਬਹੁਤ ਯਾਦ ਤੇ ਸ਼ਬਦ ਦੀ ਸਹੀ ਵਿਆਖਿਆ ਅਤੇ ਵਿਆਖਿਆ ਵਿਚ ਰਸ ਅਤੇ ਸ਼ਬਦਾਂ ਦੀਆਂ ਢੁਕਵੀਆਂ ਬੰਦਿਸ਼ਾਂ, ਸਿੱਕੇ ਬੰਦਸ਼ਾਂ ਬੰਦਾਂ ਤੇ ਰੀਤਾਂ, ਕਲਾਸੀਕਲ ਵਿਚ ਵੀ ਸੰਪੂਰਨ ਤੇ ਰਸ ਦਾਇਕ ਅਤੇ ਸੁਗਮ ਸੰਗੀਤ ਵਿਚ ਵੀ ਸੰਪੂਰਨ ਤੇ ਰਸਦਾਇਕ, ਰਾਗਾਂ ਦੀ ਕੋਈ ਘਾਟ ਨਹੀਂ ਅਤੇ ਅਣਗਿਣਤ ਰਾਗਾਂ ਦਾ ਮੁਜੱਸਮਾ, ਹਰ ਰੰਗ ਵਿਚ ਸੰਪੂਰਨ ਤੇ ਸਫਲ। ਐਸੀ ਸ਼ਾਨਦਾਰ ਤੇ ਮਹਾਨ ਸ਼ਖਸੀਅਤ ਸਨ, ਭਾਈ ਸੰਤੋਖ ਸਿੰਘ ਜੀ।

ਸੰਗੀਤ ਅਤੇ ਰਾਗਦਾਰੀ ਨੂੰ ਸਮਝਣ ਵਾਲੇ ਵੱਡੇ ਵੱਡੇ ਸੰਗੀਤਕਾਰ ਤੇ ਰਾਗੀ ਅਤੇ ਆਮ ਆਦਮੀ, ਜਿਸ ਨੂੰ ਕਿ ਰਾਗ ਜਾਂ ਰਾਗਦਾਰੀ ਬਾਰੇ ਕੋਈ ਵੀ ਜਾਣਕਾਰੀ ਨਾ ਹੋਵੇ, ਜਿਸ ਨੂੰ ਆਮ ਤੌਰ 'ਤੇ ਅਸੀਂ ਪੇਂਡੂ ਕਹਿ ਦੇਂਦੇ ਹਾਂ, ਕੋਈ ਵੀ ਸਖਸ਼ ਭਾਈ ਸਾਹਿਬ ਵਿਚ ਕਿਸ ਵੀ ਕਿਸਮ ਦਾ ਨੁਕਸ ਨਹੀਂ ਸੀ ਕੱਢ ਸਕਦਾ, ਜਾਂ ਇਹ ਨਹੀਂ ਸੀ ਕਹਿ ਸਕਦਾ ਕਿ ਮੈਨੂੰ ਉਹਨਾਂ ਦੇ ਕੀਰਤਨ ਦਾ ਆਨੰਦ ਨਹੀਂ ਆਇਆ। ਜਾਂ ਬਾਣੀ ਵਿਚ ਕਮੀ ਰਹਿ ਗਈ ਹੈ। ਮੈਨੂੰ ਇਕ ਘਟਨਾ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਵਾਰ ਭਾਈ ਸਾਹਿਬ ਆਪਣਾ ਜੱਥੇ ਸਮੇਤ ਮੇਰਠ ਵਿਖੇ ਇਕ ਕੀਰਤਨ ਦਰਬਾਰ ਵਿਚ ਭਾਗ ਲੈਣ ਲਈ ਗਏ। ਉਸ ਸਮੇਂ ਉਹਨਾਂ ਦੇ ਨਾਲ ਵਾਜੇ ਵਾਲਾ

ਸਾਥੀ ਸਾਧਾਰਨ ਹੀ ਸੀ ਤੇ ਵਿਦਿਆਰਥੀ ਸੀ, ਭਾਈ ਸਾਹਿਬ ਨਾਲ ਪੂਰਾ ਸਾਥ ਨਹੀਂ ਸੀ ਦੇ ਰਿਹਾ। ਕੀਰਤਨ ਦੀ ਸਮਾਪਤੀ ਤੋਂ ਬਾਅਦ, ਇਕ ਸੱਜਣ ਭਾਈ ਸੰਤੋਖ ਸਿੰਘ ਨੂੰ ਕਹਿਣ ਲੱਗਾ ਭਾਈ ਸਾਹਿਬ ਆਪ ਜੀ ਦਾ ਸਾਥੀ ਤਾਂ ਸਾਧਾਰਨ ਹੀ ਹੈ ਤਾਂ ਭਾਈ ਸਾਹਿਬ ਜੀ ਨੇ ਉੱਤਰ ਦਿੱਤਾ, ਕਿ ਅਸੀਂ ਆਪ ਹੀ ਐਨਾ ਕੰਮ ਕਰ ਲੈਂਦੇ ਹਾਂ, ਸਾਥੀ ਵੱਲ ਲੋਕਾਂ ਦਾ ਖਿਆਲ ਹੀ ਨਹੀਂ ਜਾਂਦਾ।

ਇਹ ਸਾਰੀਆਂ ਖੂਬੀਆਂ ਹਰ ਇਕ ਰਾਗੀ ਜਾਂ ਸੰਗੀਤਕਾਰ ਵਿਚ ਮਿਲਣੀਆਂ ਮੁਸ਼ਕਲ ਹਨ। ਕਿਸੇ ਕੋਲ ਰਾਗਦਾਰੀ ਦੀ ਸਮਝ ਹੁੰਦੀ ਹੈ ਪਰ ਗਲਾ ਸੁਰੀਲਾ ਨਹੀਂ ਹੁੰਦਾ ਅਤੇ ਕਿਸੇ ਕੋਲ ਗਲਾ ਹੈ, ਪਰ ਰਾਗਦਾਰੀ ਨਹੀਂ ਤੇ ਕਈਆਂ ਕੋਲ ਰਾਗਦਾਰੀ ਹੈ, ਪਰ ਸ਼ਬਦ ਰੀਤ ਦੀ ਘਾਟ ਹੈ, ਸਭ ਕੁਛ ਹੁੰਦਿਆਂ ਵੀ ਉਹ ਆਪਣਾ ਅਸਰ ਨਹੀਂ ਪਾ ਸਕਦੇ, ਸੋ ਹਰ ਰਾਗੀ ਪਾਸ ਸਭ ਖੂਬੀਆਂ ਨਹੀਂ ਹੁੰਦੀਆਂ, ਇਹ ਸਭ ਖੂਬੀਆਂ ਭਾਈ ਸੰਤੋਖ ਸਿੰਘ ਜੀ ਵਿਚ ਸਨ, ਇਸੇ ਲਈ ਇਹ ਨਿਪੁੰਨ ਰਾਗੀ ਸਨ, ਆਵਾਜ਼ ਵਿਚ ਮਿਠਾਸ ਅਤੇ ਹਰਮੋਨੀਅਮ ਦੀ ਪਹਿਲੀ ਸੁਰ ਤੋਂ ਲੈ ਕੇ ਆਖਰੀ ਸੁਰ ਤਕ ਆਵਾਜ਼ ਅਰਥਾਤ ਥੱਲੇ ਵਾਲੇ ਗਰਾਮ ਤੋਂ ਲੈ ਕੇ ਤਾਰ ਸਪਤਕ ਤਕ ਦੀ ਆਖਰੀ ਸੁਰ ਤਕ ਆਵਾਜ਼ ਇਕੋ ਹੀ ਰੇਂਜ ਵਿਚ ਸਹਿਜ ਸੁਭਾਅ ਹੀ ਲਾ ਜਾਣੀ, ਇਹ ਵੱਡੀ ਵਿਲੱਖਣਤਾ ਸੀ।

ਭਾਈ ਸੰਤੋਖ ਸਿੰਘ ਜੀ ਦੇ ਦਰਸ਼ਨ ਮੈਨੂੰ ਪਹਿਲੀ ਵਾਰ ਗੁਰਦੁਆਰਾ ਸਿੰਘ ਸਭਾ ਡੇਹਰਾਦੂਨ ਵਿਖੇ ਹੋਏ ਸਨ। ਮੈਂ ਉਸ ਸਮੇਂ ਭਾਈ ਕ੍ਰਿਪਾਲ ਸਿੰਘ ਜੀ ਨਾਲ ਤਬਲਾ ਵਜਾਂਦਾ ਹੁੰਦਾ ਸੀ।ਉਸ ਸਮੇਂ ਭਾਈ ਸੰਤੋਖ ਸਿੰਘ ਜੀ ਉਥੇ ਹਜ਼ੂਰੀ ਰਾਗੀ ਸਨ। ਅਤੇ ਉਸ ਤੋਂ ਬਾਅਦ ਭਾਈ ਸਾਹਿਬ ਦੇ ਦਰਸ਼ਨ ਗੁਰਦੁਆਰਾ ਸਿੰਘ ਸਭਾ ਸਦਰ ਬਾਜ਼ਾਰ ਅੰਬਾਲਾ ਛਾਉਣੀ ਵਿਚ ਹੋਏ ਅਤੇ ਤੀਜੀ ਵਾਰ ਭਾਈ ਸਾਹਿਬ ਦੇ ਦਰਸ਼ਨ ਪਟਿਆਲੇ ਹੋਏ, ਜਦੋਂ ਆਪ ਜੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹਜ਼ੂਰੀ ਰਾਗੀ ਬਣ ਕੇ ਸੇਵਾ ਕਰਨ ਆਏ, ਉਸ ਸਮੇਂ ਇਹਨਾਂ ਨਾਲ ਸਾਥੀ ਸਨ, ਮਹੰਤ ਜਸਵੰਤ ਸਿੰਘ ਜੀ ਅਤੇ ਤਬਲੇ ਤੇ ਮੇਰੇ ਦੋਸਤ, ਪ੍ਰੋ: ਮੋਹਨ ਸਿੰਘ ਜੀ ਸਨ, ਜੋ ਕਿ ਬਾਅਦ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਸੰਗੀਤ ਵਿਭਾਗ ਵਿਚ ਚਲੇ ਗਏ ਸਨ ਅਤੇ ਅੱਜ ਕੱਲ੍ਹ ਰਿਟਾਇਰ ਹੋ ਚੁੱਕੇ ਹਨ। ਸੋ ਇਸ ਸਮੇਂ ਭਾਈ ਸੰਤੋਖ ਸਿੰਘ ਜੀ ਨੂੰ ਸੁਣਨ ਦਾ ਕੁਛ ਸਮਾਂ ਚੰਗਾ ਮੌਕਾ ਮਿਲਿਆ। ਮੈਂ ਵੀ ਉਦੋਂ ਭਾਈ ਕ੍ਰਿਪਾਲ ਸਿੰਘ ਨਾਲ ਸਹਾਇਕ ਰਾਗੀ ਸੀ ਅਤੇ ਨਾਲ ਹੀ ਉਹਨਾਂ ਤੋਂ ਸਿੱਖ ਰਿਹਾ ਸੀ, ਉਹਨਾਂ ਦਿਨਾਂ ਵਿਚ ਭਾਈ ਸੰਤੋਖ ਸਿੰਘ ਜੀ ਨੂੰ ਸੁਣ ਕੇ, ਮੇਰੇ ਮਨ ਵਿਚ ਇਹ ਧਾਰਨਾ ਬਣਨ ਲੱਗ ਪਈ, ਕਿ ਜੇ ਕਦੇ ਮੌਕਾ ਮਿਲਿਆ ਤਾਂ ਭਾਈ ਸਾਹਿਬ ਤੋਂ ਕੁਛ ਸਿੱਖਣ ਦੀ ਕੋਸ਼ਿਸ਼ ਜ਼ਰੂਰ ਕਰਾਂਗਾ।

ਇਹ ਮੌਕਾ ਮੈਨੂੰ ਸੰਨ 1969 ਵਿਚ ਮਿਲਿਆ ਅਤੇ ਉਦੋਂ ਹੀ ਪੂਰਨ ਤੌਰ 'ਤੇ ਭਾਈ ਸਾਹਿਬ ਜੀ ਨਾਲ ਮੇਰਾ ਪੱਕਾ ਸੰਪਰਕ ਹੋਇਆ। ਇਹ ਇਕ ਐਸੀ ਘਟਨਾ ਘਟ ਗਈ, ਜਿਸ ਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ, ਜਿਵੇਂ ਲੋਹਾ ਪਾਰਸ ਨੂੰ ਛੋਹ ਜਾਏ ਤਾਂ ਸੋਨਾ ਬਣ ਜਾਂਦਾ ਹੈ, ਠੀਕ ਇਵੇਂ ਹੀ ਮੇਰੇ ਨਾਲ ਹੋਇਆ। ਮੈਂ ਕੋਈ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹੋਣੇ ਨੇ, ਤਾਂ ਹੀ ਤਾਂ ਪਾਰਸ ਵਰਗੇ ਭਾਈ ਸੰਤੋਖ ਸਿੰਘ ਜੀ ਨਾਲ ਮੇਰੀ ਭੇਟ ਹੋ ਗਈ।

ਹੋਇਆ ਇੰਝ ਕਿ ਮੈਂ ਗੁਰਦੁਆਰਾ ਨਾਨਕ ਮਤਾ ਸਾਹਿਬ ਵਿਖੇ ਭਾਈ ਮਾਨ ਸਿੰਘ ਪੰਛੀ ਜੀ ਨਾਲ ਸਹਾਇਕ ਰਾਗੀ ਸੀ ਤੇ ਅਚਾਨਕ ਅਸੀਂ ਉਸ ਥਾਂ ਤੋਂ ਸੇਵਾ ਛੱਡ ਦਿੱਤੀ ਤੇ ਮੈਂ ਆਪਣੇ ਘਰ ਪਿੰਡ ਸਲੇਮਪੁਰ ਵਿਖੇ ਵਾਪਸ ਆ ਗਿਆ। ਕੁਝ ਦਿਨ ਪਿੰਡ ਵਿਚ ਹੀ ਵੇਹਲਿਆਂ ਫਿਰਦੇ ਹੀ ਬੀਤ ਗਏ, ਭਾਵੇਂ ਮਾਤਾ ਪਿਛੇ ਦੇ ਕੋਲ ਰਹਿੰਦਾ ਸੀ, ਪਰ ਸ਼ਾਦੀ ਹੋ ਚੁੱਕੀ ਸੀ। ਛੋਟੇ ਛੋਟੇ ਦੋ ਬੱਚੇ ਸਨ ਤੇ ਵਿਹਲੇ ਰਹਿੰਦਿਆਂ ਰੋਟੀ ਦਾ ਮਸਲਾ ਸਾਹਮਣੇ ਆ ਗਿਆ। ਤੇ ਮੈਂ ਕੰਮ ਦੀ ਦੀ ਤਲਾਸ਼ ਵਿਚ ਅੰਬਾਲੇ ਛਾਉਣੀ ਚਲਾ ਗਿਆ। ਅਤੇ ਮੈਂ ਗੁਰਦੁਆਰਾ ਸਿੰਘ ਸਭਾ ਸਦਰ ਬਾਜ਼ਾਰ ਗਿਆ ਤੇ ਉਥੇ ਮਹੰਤ ਜਸਵੰਤ ਸਿੰਘ ਜੀ, ਕੀਰਤਨ ਦੀ ਸੇਵਾ ਤੇ ਲੱਗੇ ਹੋਏ ਸਨ, ਤੇ ਉਹਨਾਂ ਨਾਲ ਤਬਲੇ ਵਾਲੇ। ਸਾਥੀ ਦੀ ਲੋੜ ਸੀ, ਸੋ ਮਹੰਤ ਜੀ ਮੇਰੇ ਨਾਲ ਬਹੁਤ ਹਿਤ ਕਰਦੇ ਸਨ ਤੇ ਉਹ ਮੈਨੂੰ ਕਹਿਣ ਲੱਗੇ, ਕਰਮ ਸਿੰਘ ਜੀ ਸਾਨੂੰ ਤਬਲੇ ਵਾਲਾ ਚਾਹੀਦਾ ਹੈ, ਤੁਸੀਂ ਮੇਰੇ ਨਾਲ ਤਬਲੇ ਤੇ ਸਾਥ ਦਿਉ, ਸੋ ਉਹਨਾਂ ਦੇ ਜ਼ੋਰ ਦੇਣ 'ਤੇ ਮੈਂ ਉਹਨਾਂ ਨੂੰ ਹਾਂ ਕਰ ਦਿੱਤੀ। ਉਹਨਾਂ ਨਾਲ ਮੇਰੀ ਗੱਲਬਾਤ 250 ਰੁਪਏ ਤਨਖਾਹ ਤੇ ਮਹੰਤ ਜੀ ਨਾਲ ਗੱਲਬਾਤ ਡੀਊਟੀ ਦੀ ਤਹਿ ਹੋ ਗਈ। ਗੱਲ ਤਾਂ ਭਾਵੇਂ ਹੋ ਗਈ ਸੀ, ਪਰ ਮਨ ਖੁਸ਼ ਨਹੀ ਸੀ ਕਿਉਂਕਿ ਭਾਈ ਜਸਵੰਤ ਸਿੰਘ ਨਾਲੋਂ ਮੈਂ ਆਪ ਕੀਰਤਨ ਵਧੀਆ ਕਰ ਲੈਂਦਾ ਸਾਂ। ਸੋ ਇਹ ਸੋਚਦਾ ਸੀ ਕਿ ਪੰਛੀ ਜੀ ਨਾਲ ਮੈਂ ਵਾਜੇ 'ਤੇ ਤੇ ਸੀ, ਤੇ ਹੁਣ ਮੈਨੂੰ ਤਬਲੇ ਤੇ ਕੰਮ ਕਰਨਾ ਪਵੇਗਾ। ਦੂਜੀ ਗੱਲ ਇਹ ਸੀ ਕਿ ਮੈਂ ਆਪ ਜੱਥੇਦਾਰ ਨਾਲੋਂ ਵਧੀਆ ਕੀਰਤਨ ਕਰ ਲੈਂਦਾ ਸਾਂ। ਮੈਂ ਮਹੰਤ ਜੀ ਨਾਲ ਗੱਲਬਾਤ ਕਰ ਕੇ ਵਾਪਸ ਆ ਰਿਹਾ ਸੀ ਤੇ ਰਸਤੇ ਵਿਚ ਮੈਨੂੰ ਪਤਾ ਲੱਗਾ ਕਿ ਭਾਈ ਸੰਤੋਖ ਸਿੰਘ ਜੀ, ਪੰਜਾਬੀ ਗੁਰਦੁਆਰੇ ਵਿਚ ਕੀਰਤਨ ਦੀ ਡੀਊਟੀ ਕਰ ਰਹੇ ਹਨ ਅਤੇ ਮਨ ਨੇ ਕਿਹਾ ਕਿ ਚਲੋ ਭਾਈ ਸਾਹਿਬ ਜੀ ਦੇ ਦਰਸ਼ਨ ਹੀ ਕਰ ਚੱਲੀਏ। ਇਹ


Hot millions®


Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 2723333 SALAD BAR 2723222
PKL 2579888 MOH 2264300



SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

ਸੋਚ ਕੇ ਮੈਂ ਉਧਰ ਨੂੰ ਚਲ ਪਿਆ ਤੇ ਮੈਂ ਪੰਜਾਬੀ ਗੁਰਦੁਆਰਾ ਭਾਈ ਸਾਹਿਬ ਦੇ ਘਰ ਪਹੁੰਚ ਗਿਆ। ਮੈਂ ਭਾਈ ਸਾਹਿਬ ਨੂੰ ਫਤਹਿ ਬੁਲਾਈ ਤੇ ਉਹਨਾਂ ਦੇ ਕੋਲ ਬੈਠ ਗਿਆ। ਅੱਗੇ ਭਾਈ ਭਾਈ ਸਾਹਿਬ ਸ਼ਰਦਾਈ ਬਣਾ ਕੇ ਬੈਠੇ ਹੋਏ ਸਨ, ਬਾਕੀ ਗੱਲਾਂ ਫੇਰ ਕਰਾਂਗੇ। ਅਸਲ ਵਿਚ ਮੈਂ ਚਾਹੁੰਦਾ ਸੀ ਕਿ ਕਿਤੇ ਐਸੀ ਡੀਊਟੀ ਮਿਲ ਜਾਵੇ, ਜਿੱਥੇ ਮੈਂ ਆਪ ਜੱਥੇਦਾਰ ਹੋਵਾਂ, ਪਰ ਸ਼ਾਇਦ ਉਹ ਹਾਲੇ ਮੇਰੇ ਭਾਗਾਂ ਵਿਚ ਨਹੀਂ ਸੀ। ਸੋ ਸ਼ਰਦਾਈ ਛਕਣ ਤੋਂ ਬਾਅਦ ਭਾਈ ਸੰਤੋਖ ਸਿੰਘ ਮੈਨੂੰ ਕਹਿਣ ਲੱਗ ਕਿ ਦੱਸੋ ਕਾਕਾ ਜੀ ਕਿਵੇਂ ਆਏ ਹੋ। ਅਸਲ ਵਚ ਭਾਈ ਸਾਹਿਬ ਮੇਰਾ ਨਾਮ ਨਹੀਂ ਸੀ ਜਾਣਦੇ। ਭਾਈ ਸਾਹਿਬ ਨੂੰ ਮੈਂ ਨਹੀਂ ਦੱਸਿਆ ਕਿ ਮੈਂ ਮਹੰਤ ਜਸਵੰਤ ਸਿੰਘ ਨੂੰ ਮਿਲ ਕੇ ਆ ਰਿਹਾ ਹਾਂ। ਤੇ ਮੈਂ ਭਾਂਈ ਸਾਹਿਬ ਜੀ ਨੂੰ ਕਿਹਾ ਕਿ ਮੈਂ ਕੰਮ ਦੀ ਭਾਲ ਵਿਚ ਹਾਂ, ਕਿਧਰੇ ਕੀਰਤਨ ਕਰਨਦੀ ਸੇਵਾ ਮਿਲ ਜਾਵੇ। ਮੇਰੀ ਗੱਲ ਸੁਣ ਕੇ ਭਾਈ ਸੰਤੋਖ ਸਿੰਘ ਮੈਨੂੰ ਕਹਿਣ ਲੱਗੇ ਕਿ ਮੇਰੇ ਨਾਲ ਵਾਜੇ ਤੇ ਸਹਾਇਕ ਰਾਗੀ ਚਾਹੀਦਾ ਹੈ, ਜੇਕਰ ਤੁਸੀਂ ਚਾਹੋ ਤਾਂ ਆ ਜਾਉ। ਮੈਂ ਪੁੱਛਿਆ ਕਿ ਤੁਸੀਂ ਮੈਨੂੰ ਕੀ ਤਨਖਾਹ ਦਿਉਗੇ ਤੇ ਭਾਈ ਸਾਹਿਬ ਕਹਿਣ ਲੱਗ ਕਿ ਜੱਥੇ ਦੀ ਤਨਖਾਹ 550 ਰੁਪਏ ਹੈ ਅਤੇ ਮੈਂ ਪੰਝੀ (25) ਪੈਸੇ ਹਿੱਸਾ ਦੇਂਦਾ ਹਾਂ, ਇਸ ਹਿਸਾਬ ਨਾਲ 137 ਰੁ: ਪੰਜਾਹ ਪੈਸੇ ਬਣਦੇ ਹਨ। ਅਗਰ ਤੁਹਾਨੂੰ ਮਨਜੂਰ ਹਨ ਤਾਂ ਬੇਸ਼ਕ ਜਦੋਂ ਮਰਜ਼ੀ ਆ ਜਹਉ। ਤਾਂ ਮੈਂ ਭਾਈ ਸਾਹਿਬ ਜੀ ਨੂੰ ਕਿਹਾ ਕਿ ਮੈਂ ਦੋ ਕੁ ਦਿਨਾਂ ਤਕ ਆਪ ਜੀ ਨੂੰ ਦੱਸਾਂਗਾ। ਮੈਂ ਘਰ ਜਾ ਕੇ ਮਨ ਨਾਲ ਸਲਾਹ ਕੀਤੀ ਕਿ ਮਨਾਂ ਇਹ ਠੀਕ ਹੈ ਕਿ ਮਹੰਤ ਜਸਵੰਤ ਸਿੰਘ ਨਾਲ ਮੈਨੂੰ ਤਨਖਾਹ ਤਾਂ ਜ਼ਿਆਦਾ ਮਿਲੇਗੀ, ਪਰ ਉਹਨਾਂ ਨਾਲ ਮੈਨੂੰ ਤਬਲੇ ਤੇ ਲਗਣਾ ਪੈਣਾ ਹੈ ਅਤੇ ਫਿਰ ਮੈਂ ਆਪ ਉਹਨਾਂ ਨਾਲੋਂ ਵਧੀਆ ਕੀਰਤਨ ਕਰ ਲੈਂਦਾ ਹਾਂ ਤੇ ਇਹਨਾਂ ਨਾਲ ਲਗ ਕੇ ਮੇਰਾ ਆਪਣਾ ਗੁਣ ਵੀ ਜਾਂਦਾ ਰਹਿਣਾ ਹੈ। ਭਾਈ ਸੰਤੋਖ ਸਿੰਘ ਜੀ ਨਾਲ ਤਨਖਾਹ ਭਾਵੇਂ ਥੋੜ੍ਹੀ ਹੈ, ਪਰ ਉਹ ਗੁਣੀ ਪੁਰਸ਼ ਹਨ, ਉਹਨਾਂ ਨਾਲ ਲਗ ਕੇ ਮੇਰੀ ਤਰੱਕੀ ਹੋਵੇਗੀ ਤੇ ਗੁਣ ਵਿਚ ਵੀ ਵਾਧਾ ਹੋਵੇਗਾ। ਤਾਂ ਇਹ ਸੋਚ ਕੇ ਮੈਂ ਭਾਈ ਸਾਹਿਬ ਨਾਲ ਡੀਊਟੀ ਕਰਨ ਦਾ ਫੈਸਲਾ ਕਰ ਲਿਆ ਅਤੇ ਮਈ 1969 ਤੋਂ ਲੈ ਕੇ ਜੂਨ 1970 ਤਕ 14 ਚੌਦਾਂ ਮਹੀਨੇ, ਉਹਨਾਂ ਨਾਲ ਸਹਾਇਕ ਰਾਗੀ ਦੀ ਡੀਊਟੀ ਕੀਤੀ। ਭਾਈ ਸੰਤੋਖ ਸਿੰਘ ਨਾਲ ਇਤਨਾ ਚਿਰ ਸਾਥ ਕਰਨ ਦਾ ਫਲ ਮੈਨੂੰ ਇਹ ਮਿਲਿਆ ਕਿ ਮੈਂ ਤਾਂਬੇ ਅਤੇ ਲੋਹੇ ਤੋਂ ਸੋਨਾ ਬਦ ਗਿਆ। ਮੇਰੇ ਕੰਮ ਦਾ ਫਰਕ ਮੈਨੂੰ ਆਪ ਨੂੰ ਹੀ ਪਤਾ ਲੱਗ ਗਿਆ। ਭਾਈ ਸੰਤੋਖ ਸਿੰਘ ਨਾਲ ਲਗਣ ਤੋਂ ਪਹਿਲਾਂ ਵੀ ਮੈਂ ਆਪਣਾ ਰਾਗੀ ਜੱਥਾ ਬਣਾਇਆ ਸੀ ਅਤੇ ਕਈ ਅਸਥਾਨਾਂ ਤੇ ਡੀਊਟੀ ਵੀ ਕੀਤੀ ਸੀ ਅਤੇ ਗੁਰੁਪੁਰਬ ਦੀ ਬੁਕਿੰਗ ਤੇ ਵੀ ਬਾਹਰ ਜਾਂਦਾ ਰਿਹਾ ਹਾਂ। ਪਰ ਉਦੋਂ ਮੇਰੇ ਕੰਮ ਦਾ ਅਸਰ ਇਤਨਾ ਕੁ ਸੀ ਕਿ ਜਿੱਥੇ ਵੀ ਇਕ ਵਾਰ ਕੀਰਤਨ ਸੁਣਾ ਕੇ ਆਉਂਦਾ ਸਾਂ, ਮੈਨੂੰ ਦੁਬਾਰਾ ਕੋਈ ਵੀ ਨਹੀਂ ਸੀ ਬੁਲਾਂਦਾ। ਪਰ ਜਦੋਂ ਭਾਈ ਸੰਤੋਖ ਸਿੰਘ ਜੀ ਨਾਲ ਰਹਿਣ ਤੋਂ ਬਾਅਦ ਮੈਂ ਆਪਣਾ ਰਾਗੀ ਜੱਥਾ ਬਣਾਇਆ ਤਾਂ ਕੰਮ ਵਿਚ ਇਤਨਾ ਅਸਰ ਹੋ ਗਿਆ ਕਿ ਲੋਕਾਂ ਦੇ ਦਿਲਾਂ ਵਿਚ ਸਾਡੀ ਥਾਂ ਬਣ ਗਈ ਅਤੇ ਜਿੱਥੇ ਵੀ ਕੀਰਤਨ ਪ੍ਰੋਗਰਾਮ ਕੀਤਾ, ਹਰ ਥਾਂ ਕਾਮਯਾਬੀ ਮਿਲੀ। ਭਾਈ ਸੰਤੋਖ ਸਿੰਘ ਜੀ ਨਾਲੋਂ ਛੱਡਣ ਤੋਂ ਬਾਅਦ ਮੈਂ ਆਪਣਾ ਰਾਗੀ ਜੱਥਾ ਬਣਾਇਆ ਤਾਂ ਮੈਨੂੰ ਸਭ ਤੋਂ ਪਹਿਲੀ ਸਟੇਜ ਗੁਰਦੁਆਰਾ ਸਿੰਘ ਸਭਾ, ਸੈਕਟਰ 19 ਡੀ. ਚੰਡੀਗੜ੍ਹ ਦੀ ਪ੍ਰਾਪਤ ਹੋਈ ਅਤੇ ਇਸ ਸਮੇਂ ਇਸ ਸਭਾ ਨੇ, ਉਸ ਸਮੇਂ ਦੇ ਕਈ ਵੱਡੇ ਵੱਡੇ ਚੰਗੇ ਤੇ ਨਾਮੀ ਕੀਰਤਨੀਏ ਰਾਗੀ ਸੁਣੇ ਤੇ ਸਭ ਜੱਥੇ ਸੁਣਨ ਤੋਂ ਬਾਅਦ ਸਭ ਨੇ ਮੇਰੇ ਰਾਗੀ ਜੱਥੇ ਨੂੰ ਚੁਣਿਆ ਅਤੇ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ ਚੰਡੀਗੜ੍ਹ ਦੀ ਪ੍ਰਬੰਧਕ ਕਮੇਟੀ ਆਪ ਕਾਰਾਂ ਤੇ ਜਾ ਕੇ ਮੇਰੇ ਪਿੰਡ ਸਲੇਮਪੁਰ ਤੋਂ ਦਾਸ ਨੂੰ ਲੈ ਕੇ ਆਈ।

ਸੋ ਭਾਈ ਸੰਤੋਖ ਸਿੰਘ ਜੀ ਦੇ ਨਾਲ ਰਹਿਣ ਤੇ ਉਹਨਾਂ ਦੇ ਜੀਵਨ ਬਾਰੇ ਜੋ ਜੋ ਜਾਣਕਾਰੀ ਦਾਸ ਨੂੰ ਪ੍ਰਾਪਤ ਹੋਈ ਜਾਂ ਜੋ ਮੈਂ ਅੱਖੀ ਦੇਖਿਆ ਉਹ ਸਾਰੀ ਜਾਣਕਾਰੀ ਆਪ ਪਾਠਕਾਂ ਦੇ ਸਾਹਮਣੇ ਰੱਖਣ ਕੀ ਕੋਸ਼ਿਸ਼ ਕਰ ਰਿਹਾ ਹਾਂ। ”

ਡਾ. ਜਾਗੀਰ ਸਿੰਘ ਜੀ ਨੇ ਜੋ ਜਾਣਕਾਰੀ ਭਾਈ ਸੰਤੋਖ ਸਿੰਘ ਜੀ ਦੇ ਸੰਬੰਧ ਵਿਚ ਜਨਵਰੀ 2004 ਦੇ ਅੰਮ੍ਰਿਤ ਕੀਰਤਨ ਵਿਚ ਦਿੱਤੀ ਹੈ, ਉਹ ਬਿਲਕੁਲ ਸਹੀ ਹੈ ਕਿ ਆਪ ਜੀ ਦੇ ਰਾਗੀ ਬਣਨ ਦੀ ਕਹਾਣੀ ਬੜੀ ਦਿਲਚਸਪ ਹੈ, ਭਾਈ ਸਾਹਿਬ ਉਹਨਾਂ ਰਾਗੀਆਂ ਵਿਚੋਂ ਨਹੀਂ ਸਨ, ਜਿਹਨਾਂ ਨੂੰ ਸੰਗੀਤ ਸਿੱਖਿਆ ਵਿਰਸੇ ਵਿਚ ਹੀ ਮਿਲੀ ਹੋਵੇ ਅਤੇ ਤਾਂ ਬਸ ਆਪ ਜੀ ਨੂੰ ਪਹਿਲੇ ਸੰਗੀਤ ਪ੍ਰਤੀ ਕੋਈ ਲਗਾਉ ਸੀ, ਆਪ ਜੀ ਤਾਂ ਬਸ ਆਪਣੇ ਪਿਤਾ ਜੀ ਦੀ ਇੱਛਾ ਪੂਰੀ ਕਰਨ ਲਈ ਹੀ ਸੰਗੀਤ ਦੇ ਖੇਤਰ ਵਿਚ ਸ਼ਾਮਲ ਹੋਏ ਸਨ।

ਭਾਈ ਸੰਤੋਖ ਸਿੰਘ ਜੀ ਦੇ ਪਿਤਾ ਸਰਦਾਰ ਇੰਦਰ ਸਿੰਘ, ਕੋਈ ਰਾਗ ਜਾਂ ਸੰਗੀਤਕਾਰ ਨਹੀਂ ਸਨ। ਬਲਕਿ ਉਹ ਤਾਂ ਭਲਵਾਨੀ ਕਰਦੇ ਸਨ ਤੇ ਸੰਧੂ ਜਦ ਖਾਨਦਾਨ ਵਿਚੋਂ ਸਨ, ਉਹਨਾਂ ਨੇ ਤਿੰਨ ਸ਼ਾਦੀਆਂ ਕੀਤੀਆਂ, ਪਰ ਸੰਤਾਨ ਦੀ ਪ੍ਰਾਪਤੀ ਨਹੀਂ ਹੋਈ ਅਤੇ ਸਰਦਾਰ ਇੰਦਰ ਸਿੰਘ ਜੀ ਹਰ ਸਾਲ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਨਨਕਾਣਾ ਸਾਹਿਬ ਦਰਸ਼ਨ ਕਰਨ ਜਾਂਦੇ ਹੁੰਦੇ ਸਨ ਤੇ ਇਕ ਵਾਰ ਨਨਕਾਣਾ ਸਾਹਿਬ ਜਾਂ ਕੇ ਅਰਦਾਸ ਕੀਤੀ, ਸਤਿਗੁਰ ਜੀ ਕ੍ਰਿਪਾ ਕਰੋ ਤੇ ਇਕ ਸੱਚੇ ਦੀ ਬਖਸ਼ਿਸ਼ ਕਰ ਦਿਉ ਤੇ ਮੈਂ ਉਸ ਨੂੰ ਤੁਹਾਡਾ ਕੀਰਤਨੀਆਂ ਬਣਾਵਾਂਗ ਅਤੇ ਫਿਰ ਸਰਦਾਰ ਇੰਦਰ ਸਿੰਘ ਜੀ ਨੇ ਚੌਥਾ ਵਿਆਹ ਲਾਹੌਰ ਦੀ ਇਕ ਵਿਧਵਾ ਬੀਬੀ ਨਾਲ ਕਰਵਾਇਆ। ਜਿਸ ਨੂੰ ਸਰਦਾਰ ਇੰਦਰ ਸਿੰਘ ਜੀ ਨੇ ਆਪਣਾ ਨਾਮ ਪਿਤਾ ਜੀ ਥਾਂ ਤੇ ਦਿੱਤਾ ਸੀ। ਫਿਰ ਇਸ ਬੱਚੇ ਸੰਤੋਖ ਸਿੰਘ ਨੂੰ ਆਪ ਨਨਕਾਣਾ ਸਾਹਿਬ ਲੈ ਕੇ ਗਏ ਤੇ ਅਰਦਾਸ ਕੀਤੀ, ਸਤਿਗੁਰੂ ਜੀ ਮੈਂ ਇਸ ਬੱਚੇ ਨੂੰ ਕੀਰਤਨੀਆਂ ਬਣਾਵਾਂਗਾ। ਪਰ ਹਿੰਮਤ ਆਪ ਜੀ ਨੇ ਦੇਣੀ ਹੈ। ਸੋ ਭਾਈ ਸੰਤੋਖ ਸਿੰਘ ਜੀ ਹਾਲੇ ਚਾਰ ਸਾਲ ਦੇ ਹੀ ਹਨ ਕਿ ਇਹਨਾਂ ਦੀ ਮਾਤਾ ਦਾ ਦਿਹਾਂਤ ਹੋ ਗਿਆ, ਆਪ ਜੀ ਮਾਂ ਦਾ ਪਿਆਰ ਵੀ ਪੂਰੀ ਤਰ੍ਹਾਂ ਨਹੀਂ ਪਾ ਸਕੇ।

Mobile : 9780708747

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਭਾਈ ਸੰਤਾ ਸਿੰਘ ਜੀ ਰਾਗੀ {੧੯੦੨-੧੯੬੬}

ਅਵਤਾਰ ਸਿੰਘ ਹੰਸ - 9814554105

ਭਾਈ ਸੰਤਾ ਸਿੰਘ ਜੀ ਗੁਰਮਤਿ ਤੇ ਸ਼ਾਸਤਰੀ ਸੰਗੀਤ ਦੇ ਵਿਦਵਾਨ ਤੇ ਪ੍ਰਸਿੱਧ ਕੀਰਤਨੀਏ ਸਨ। ਉਚੇ ਸੁਰਾਂ ਵਿੱਚ ਪੂਰਨ ਵਿਹਬਲਤਾ ਨਾਲ ਕੀਰਤਨ ਕਰਨਾ ਇਨਾ ਦੀ ਗਾਇਕੀ ਦਾ ਕਮਾਲ ਸੀ।ਆਪ ਦੀ ਅਵਾਜ਼ ਵਿੱਚ ਇਕ ਬਿਰਹੋਂ ਭਰੀ ਹੂਕ ਸੀ। ਸੁਰ,ਲੈਅ,ਸ਼ਬਦ,ਰਿਆਜ਼ ਵਿੱਚ ਆਪ ਦਾ ਕੋਈ ਸਾਨੀ ਨਹੀ ਸੀ ।ਆਪ ਜੀ ਬੜੇ ਹੀ ਠਹਿਰਾਉ ਵਿੱਚ ਸਹਿਜ ਭਰਪੂਰ ਕੀਰਤਨ ਕਰਦੇ ਸਨ । ਕਠਿਨ ਤੋਂ ਕਠਿਨ ਰਾਗਾਂ ,ਬਿਖੜੇ ੨ ਤਾਲਾਂ ਵਿੱਚ ਨਿਪੁੰਨਤਾ ਨਾਲ ਗਾਇਨ ਕਰਨ ਵਿੱਚ ਖਾਸ ਮੁਹਾਰਤ ਰੱਖਦੇ ਸਨ।ਪੁਰਾਤਨ ਕੀਰਤਨੀਏ ਆਪ ਜੀ ਨੂੰ "ਰਾਗ ਦੀ ਖਾਣ" ਕਿਹਾ ਕਰਦੇ ਸਨ। ਭਾਈ ਸੰਤਾ ਸਿੰਘ ਦਾ ਜਨਮ ੧੯੦੨ ਵਿੱਚ ਸ: ਆਤਮਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਸੈਂਟਰਲ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਵਿਖੇ ਰਹਿ ਕੇ ਪ੍ਰਸਿੱਧ ਰਬਾਬੀ ਕੀਰਤਨੀਏ ਭਾਈ ਸ਼ਾਈ ਦਿੱਤਾ ਜੀ ਪਾਸੋ ਗੁਰਮਤਿ ਸੰਗੀਤ ਵਿੱਦਿਆ ਪ੍ਰਾਪਤ ਕੀਤੀ। ੧੯੨੯ ਤੋਂ ਇਹਨਾਂ ਦੇ ਜਥੇ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ।ਇਹਨਾਂ ਦੇ ਨਾਲ ਭਾਈ ਸੁਰਜਨ ਸਿੰਘ ਜੀ ਬਤੌਰ ਸਹਾਇਕ ਰਾਗੀ ਸਾਥ ਦਿੰਦੇ ਸਨ।ਫਿਰ ਇਹਨਾਂ ਦੇ ਭਰਾਤਾ ਭਾਈ ਸਮਸ਼ੇਰ ਸਿੰਘ ਤੇ ਤਬਲੇ ਤੇ ਭਾਈ ਜਬਰਜੰਗ ਸਿੰਘ ਸੰਗਤ ਕਰਦੇ ਰਹੇ। ਸੰਨ ੧੯੩੫ ਦੇ ਆਸ ਪਾਸ ਭਾਈ ਸਾਹਿਬ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਬਤੌਰ ਹਜ਼ੂਰੀ ਰਾਗੀ ਕੀਰਤਨ ਸੇਵਾ ਨਿਵਾਉਦੇ ਰਹੇ।ਘੰਟਿਆਂ ਬੱਧੀ ਸੰਗਤ ਨੂੰ ਰਸਭਿਨੇ ਕੀਰਤਨ ਸੁਣਨ ਲਈ ਆਪਾ ਭੁਲਾ ਕੇ ਬਿਠਾਈ ਰੱਖਣ ਦੀ ਸਮਰੱਥਾ ਆਪ ਜੀ ਪਾਸ ਸੀ। ੧੯੩੬-੩੭ ਵਿੱਚ ਲਹੌਰ ਰੇਡੀਓ ਸਟੇਸਨ ਤੋਂ ਆਪ ਜੀ ਦੇ ਗਾਇਨ ਸ਼ਬਦ ਪ੍ਰਸਾਰਿਤ ਹੋਣ ਲੱਗੇ।"ਭਿੰਨੀ ਰੈਨੜੀਏ ਚਮਕਨਿ ਤਾਰੇ" ਸ਼ਬਦ ਸੰਗਤਾ ਵਿੱਚ ਬਹੁਤ ਮਸਹੂਰ ਹੋਇਆ। ੧੬ ਨਵੰਬਰ ੧੯੬੬ ਵਿੱਚ ਬੰਬਈ ਤੋਂ ਪਰਤਦਿਆਂ ਰੇਲ ਗੱਡੀ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਆਪ ਜੀ ੬੪ ਸਾਲ ਦੀ ਉਮਰ ਬਿਤਾ ਕੇ ਸੰਗਤਾਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰ ਚਰਨਾ ਵਿੱਚ ਜਾ ਵਿਰਾਜੇ । ਆਪ ਜੀ ਦੀ ਮਧੁਰ ਅਵਾਜ਼ ਵਿੱਚ ਕਈ ਐਲ. ਪੀ. ਰਿਕਾਰਡ ਤਿਆਰ ਹੋਏ।ਆਪ ਜੀ ਦੇ ਕੀਰਤਨ ਦੀ ਕਾਫੀ ਲਾਇਵ ਰਿਕਾਡਿੰਗ ਵੀ ਉਪਲਬਧ ਹੈ।੨੦੦੪ ਵਿੱਚ ਡਾ: ਜਾਗੀਰ ਸਿੰਘ ਜੀ ਦੇ ਉਦਮ ਸਦਕਾ ਸ੍ਰ: ਹਰਿਕ੍ਰਿਸਨ ਸਿੰਘ ਧੂਪੀਆ ਜੀ ਨੇ ਸਾਰੀ ਰਿਕਾਡਿੰਗ ਇਕੱਤਰ

ਕਰ ਕੇ ਕਈ MP3-CD ਤਿਆਰ ਕੀਤੇ ਹਨ। ਜੋ ਗੁਰਮਤਿ ਸੰਗੀਤ ਦਾ ਅਦਭੁਤ ਅਮੋਲਕ ਖਜਾਨਾ ਹੈ ਅਤੇ ਗੁਰਮਤਿ ਸੰਗੀਤ ਖੇਤਰ ਵਿੱਚ ਮੀਲ ਪੱਧਰ ਹੈ।

ਵਾਰ ੧ ਪਉੜੀ ੨੭

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚ ਪਰਗਟ ਹੋਆ ॥੨੭॥

ਰਾਗ ਆਸਾ ਤਾਲ ਦਾਦਰਾ

ਸਥਾਈ

| | | | | | | | | | | | |
|---|---|---|---|---|---|---|---|---|---|---|---|
| | | +O | + | O | | | | | | | |
| ਸ | ਪ਼ | ਧ਼ | ਸ | ਸ | ਸ | ਗਰ | ਗ | ਸਧ਼ | ਸ | ਸ | ਸ |
| ਮਿ | ** s** | ਟੀ | ਧੁ | **s** | ਧ | ਮਿ**s** | **s** | ਟੀ**s** | ਧੁ | **s** | ਧ |
| ਪ | ਪ | ਪਧ | ਪਮ | ਪ | ਪ | ਪਗ | ਰਸ | ਰ | ਪਗ | ਗ | ਗ |
| ਮਿ | **s** | ਟ | ਧੁੰ**s** | ਧ | ਜਗ | ਚਾ**s** | ਨ**s** | ਣ | ਹੋ**s** | ਆ | **s** |

ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਸਂ | ਸਂ | ਸਂ | ਸਂਰਂ | ਸਂਨ | ਪਧ | ਸਂ | ਸਂ | ਨ | ਸਂ | ਸਂ | ਸਂ |
| ਸਤਿ | ਗੁ | ਰ | ਨਾ**s** | ਨ**s** | ਕ**s** | ਪ੍ਰ | ਗ | ਟਿ | ਆ | **s** | **s** |
| ਪ | ਪ | ਪਧ | ਪਮ | ਪ | ਪ | ਪਗ | ਰਸ | ਰ | ਪਗ | ਗ | ਗ |
| ਮਿ | **s** | ਟੀs | ਧੁੰ**s** | ਧ | ਜਗ | ਚਾ**s** | ਨ**s** | ਣ | ਹੋ**s** | ਆ | **s** |

ਬੰਦਿਸ਼ : ਭਾਈ ਸੰਤਾ ਸਿੰਘ ਜੀ

ਸੁਰਲਿਪੀਕਾਰ : ਪ੍ਰਿ : ਭਾਈ ਅਵਤਾਰ ਸਿੰਘ ਹੰਸ, ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ, ਮਸਤੂਆਣਾ ਸਾਹਿਬ (ਸੰਗਰੂਰ)

# ਗਉੜੀ (ਭੈਰਵ ਥਾਟ)

**ਹਰਿਭਜਨ ਸਿੰਘ**

ਥਾਟ : ਭੈਰਵ॥ ਜਾਤੀ : ਸ਼ਾਂਡਵ-ਸੰਪੂਰਨ॥ ਸਮਾਂ : ਰਾਤ ਦਾ ਪਹਿਲਾ ਪਹਿਰ॥
ਵਾਦੀ : ਰੁ॥ਸੰਵਾਦੀ : ਪ, ਆਰੋਹ : ਸ ਰੁ ਗ ਰੁ ਮ ਪ ਨ ਸਂ॥
ਅਵਰੋਹ : ਸਂ ਨ ਧੁ ਮ ਪ, ਧੁ ਪ ਮ ਗ, ਗ ਰੁ ਸ ਨ. ਸ॥
ਮੁੱਖ ਅੰਗ : ਮ ਧੁ ਪ ਧੁ ਮ ਪ ਗ ਮ, ਰੁ ਗ ਰੁ ਸ ਨ. ਸ

ਅਸਥਾਈ

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| × | | 2 | | | 0 | | 3 | | | × | | 2 | | 0 | | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| | | | | | | | | | | | | | | | ਨ਼ | | | | |
| | | | | | | | ਮ | ਮ | ਮ | ਗ | ਰੁ | ਸ | – | – | ਧ਼ੁ | – | ਨ਼ | – | ਸ |
| | | | | | | | ਨ | ਰ | ਅ | ਚੇ | s | ਤ | s | s | ਪਾ | s | ਪ | s | ਤੇ |
| | | | | | | | | | | ਨ਼ | | | | | | | | | |
| ਗ | ਰੁ | ਮ | – | – | ਗ | ਰੁ | ਸ | – | – | ਧੁ | – | ਨ਼ | – | ਧੁ- | ਸ | ਨ਼ | ਰੁ | ਸ | ਸ |
| ਡ | ਰ | ਰੇ | s | s | s | s | s | s | s | ਦੀ | s | ਨ | s | ਦਇ | ਆ | s | ਲ | s | s |
| ਗ | ਗ | ਗ | – | ਮ | ਮ | ਗ | ਰੁ | ਸ | ਸ | ਸ | ਸ | ਮ | – | ਮ | ਪ | – | ਪ | – | ਧੁ |
| ਸ | ਗ | ਲ | s | ਭੈ | ਭੰ | s | ਜ | s | ਨ | ਸ | ਰ | ਨਿ | s | ਤਾ | ਹਿ | s | ਤੁ | s | ਮ |
| ਸਂ | ਨ | ਧੁ | ਪ | ਮ | ਗ | ਰੁ | | | | | | | | | | | | | |
| ਪ | ਰ | ਰੇ | s | s | s | s | | | | | | | | | | | | | |
| ਮ | – | ਪ | – | ਧੁ | ਨ | ਧੁ | ਸਂ | – | – | ਸਂ | ਸਂ | ਸਂ | – | ਰੁਂ | ਸਂ | ਨ | ਸਂ | – | ਸਂ |
| ਬੇ | s | ਦ | s | ਪੁ | ਰਾ | s | ਨ | s | s | ਜਾ | ਸ | ਗੁ | s | ਨ | ਗਾ | s | ਵ | s | ਤ |
| ਸਂ | ਨ | ਸਂ | ਨ | ਧੁ | ਪ | ਮ | ਗ | ਰੁ | ਸ | ਗ | ਰੁ | ਮ | – | – | ਗ | ਰੁ | | | |
| ਤਾ | ਕੋ | ਨਾ | s | ਮੁ | ਹੀ | ਐ | ਮੋ | s | s | ਧ | ਰ | ਰੇ | s | s | s | s | | | |

**ਮੋਬਾਇਲ : 9316136268**

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

**ਅੰਗ ੨੨੦**

**ਗਉੜੀ ਮਹਲਾ ੯ ॥**

Gauree, Ninth Mehl:

**ਨਰ ਅਚੇਤ ਪਾਪ ਤੇ ਡਰੁ ਰੇ ॥**

You people are unconscious; you should be afraid of sin.

**ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥**

Seek the Sanctuary of the Lord, Merciful to the meek, Destroyer of all fear. ||1||Pause||

**ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥**

The Vedas and the Puraanas sing His Praises; enshrine His Name within your heart.

**ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥**

Pure and sublime is the Name of the Lord in the world. Remembering it in meditation, all sinful mistakes shall be washed away. ||1||

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥**

You shall not obtain this human body again; make the effort - try to achieve liberation!

**ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥**

Says Nanak, sing of the Lord of compassion, and cross over the terrifying world-ocean. ||2||9||251||


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਬਾਣੀ ਗੁਰੂ

## ਸਿਰੀਰਾਗੁ ਮਹਲਾ ੧ ॥

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
Make your deals, dealers, and take care of your merchandise.

ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
Buy that object which will go along with you.

ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥
In the next world, the All-knowing Merchant will take this object and care for it. ||1||

ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
O Siblings of Destiny, chant the Lord's Name, and focus your consciousness on Him.

ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥
Take the Merchandise of the Lord's Praises with you. Your Husband Lord shall see this and approve. ||1||Pause||

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
Those who do not have the Assets of Truth-how can they find peace?

ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
By dealing their deals of falsehood, their minds and bodies become false.

ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥
Like the deer caught in the trap, they suffer in terrible agony; they continually cry out in pain. ||2||

ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥
The counterfeit coins are not put into the Treasury; they do not obtain the Blessed Vision of the Lord-Guru.

ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥
The false ones have no social status or honor. No one succeeds through falsehood.

ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥
Practicing falsehood again and again, people come and go in reincarnation, and forfeit their honor. ||3||

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥
naanuk mun sumujhaaeeai gur kai subadh saalaah
O Nanak, instruct your mind through the Word of the Guru's Shabad, and praise the Lord.

ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
Those who are imbued with the love of the Name of the Lord are not loaded down by doubt.

ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥
Those who chant the Name of the Lord earn great profits; the Fearless Lord abides within their minds. ||4||23||

Postal Regd. No. G/CHD/0045/2012-14 RNI Regd. No. 46788/89 ISSN 0972-2335

# ਜੀਵਨ ਜਾਚ

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥

ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥(ਗੁਰੂ ਨਾਨਕ ਦੇਵ ਜੀ)

******

ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤਿ ਸਿਧਾਂ ਵਿਚ ਆਈ ॥

ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼ ਕਰਾਈ॥

ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥

ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ॥

ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ॥

ਅਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ॥

ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ॥

ਜਿਉਂ ਸਾਗਰ ਵਿਚ ਗੰਗ ਸਮਾਈ ॥(ਭਾਈ ਗੁਰਦਾਸ ਜੀ)